SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 24* Issue 134 | Tuesday, 26 August 2025 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਯੂਕਰੇਨ ਦੇ ਆਜ਼ਾਦੀ ਦਿਵਸ ਮੌਕੇ ਕੀਵ ਦੇ ਸਮਾਗਮ 'ਚ ਕੀਤੀ ਸ਼ਿਰਕਤ



ਕੀਵ, 25 ਅਗਸਤ (ਪੋਸਟ ਬਿਊਰੋ): ਯੂਕਰੇਨ ਦੇ ਆਜ਼ਾਦੀ ਦਿਵਸ ਮੌਕੇ ਦਿੱਤੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਯੂਕਰੇਨੀਆਂ ਨੂੰ ਕਿਹਾ ਕਿ ਸ਼ਾਂਤੀ ਆਵੇਗੀ, ਅਤੇ ਜਦੋਂ ਆਵੇਗੀ ਤਾਂ ਕੈਨੇਡਾ ਉੱਥੇ ਹੋਵ-ੇਗਾ। ਕੀਵ ਦੇ ਸੋਫੀਆ ਸਕੁਏਅਰ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਦੇ ਨਾਲ ਮਹਿਮਾਨ ਵਜੋਂ ਸ਼ਾਮਿਲ ਹੋਏ, ਕਾਰਨੀ ਨੇ ਰੂਸ ਨਾਲ ਜੰਗ ਨੂੰ ਇੱਕ ਇਤਿਹਾਸ ਨੂੰ ਦੁਬਾਰਾ ਬਣਾਉਣ ਦੀ ਹਿੰਸਕ ਕੋਸ਼ਿਸ਼ ਦੱਸਿਆ।

ਕਾਰਨੀ ਨੇ ਕਿਹਾ ਕਿ ਸ਼ਾਂਤੀ ਲਿਆਕੇ ਤੁਹਾਡੇ ਸ਼ਹਿਰਾਂ ਨੂੰ ਦੁਬਾਰਾ ਬਣਾ ਕੇ, ਤੁਹਾਡੇ ਉਦਯੋਗਾਂ ਦਾ ਵਿਸਥਾਰ ਕਰਕੇ, ਤੁਹਾਡੇ ਸਰੋਤਾਂ ਨੂੰ ਵਿਕਸਿਤ ਕਰਕੇ, ਸੱਚੀ ਖ਼ੁਸ਼ਹਾਲੀ ਦੀ ਨੀਂਹ ਬਣਾ ਕੇ ਯੂਕਰੇਨ ਨੂੰ ਮਜ਼ਬੂਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਪੁਤਿਨ ਨੇ ਮਿੰਸਕ ਤੋਂ ਲੈ ਕੇ ਅੱਜ ਤੱਕ ਵਾਰ-ਵਾਰ ਆਪਣਾ ਵਚਨ ਤੋੜਿਆ ਹੈ। ਪੁਤਿਨ ਨੇ ਇਸ ਭਿਆਨਕ ਦੁਖਾਂਤ ਨੂੰ ਅੰਜ਼ਾਮ ਦਿੱਤਾ ਹੈ ਜਿਸਨੇ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ ਹਨ। ਪੁਤਿਨ ਤੁਹਾਡੇ ਸ਼ਹਿਰਾਂ ਨੂੰ ਧਮਕਾਉਂਦਾ ਹੈ, ਤੁਹਾਡੇ ਖੇਤਾਂ ਨੂੰ ਤਬਾਹ ਕਰ ਰਿਹਾ ਹੈ। ਪੁਤਿਨ ਨੇ ਤੁਹਾਡੇ ਬੱਚਿਆਂ ਨੂੰ ਚੋਰੀ ਕਰ ਲਿਆ ਹੈ। ਪਰ ਪੁਤਿਨ ਨੂੰ ਰੋਕਿਆ ਜਾ ਸਕਦਾ ਹੈ। ਰੂਸ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ। ਉਹ ਹੋਰ ਅਲੱਗ-ਥਲੱਗ ਹੁੰਦਾ ਜਾ ਰਿਹਾ ਹੈ ਅਤੇ ਸਾਡਾ ਗੱਠਜੋੜ ਸਖ਼ਤ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਜੂਨ ਦੇ ਜੀ7 ਸੰਮੇਲਨ ਦੌਰਾਨ ਕੈਨੇਡਾ ਵੱਲੋਂ ਵਾਅਦਾ ਕੀਤੇ ਗਏ ਵਾਧੂ 2 ਬਿਲੀਅਨ ਡਾਲਰ ਸਮਰਥਨ ਦਾ ਇੱਕ ਨਵਾਂ ਬ੍ਰੇਕਡਾਊਨ ਵੀ ਪੇਸ਼ ਕੀਤਾ। ਇਹ ਪੈਸਾ ਕੈਨੇਡਾ ਦੀ ਜੀਡੀਪੀ ਦੇ ਦੋ ਪ੍ਰਤੀਸ਼ਤ ਦੇ ਨਾਟੋ ਖਰਚ ਟੀਚੇ ਤੱਕ ਪਹੁੰਚਣ ਦੀ ਵਚਨਬੱਧਤਾ ਵੱਲ ਗਿਣਿਆ ਜਾਵੇਗਾ। ਉਹ ਅੱਧੇ ਤੋਂ ਵੱਧ ਯੂਕਰੇਨ ਲਈ ਫੌਜੀ ਉਪਕਰਣ ਖਰੀਦਣ ਵੱਲ ਜਾਣਗੇ, ਜਿਸ ਵਿੱਚ ਬਖ਼ਤਰਬੰਦ ਵਾਹਨ, ਡਰੋਨ ਅਤੇ ਗੋਲਾ ਬਾਰੂਦ ਸ਼ਾਮਿਲ ਹਨ। ਇਨ੍ਹਾਂ ਫੰਡਾਂ ਵਿੱਚੋਂ ਕੁਝ ਵਿੱਚ ਕੈਨੇਡੀਅਨ-ਬਣੇ ਡਰੋਨਾਂ ਵਿੱਚ ਨਿਵੇਸ਼ ਕਰਨਾ ਸ਼ਾਮਿਲ ਹੈ। ...ਬਾਕੀ ਪੰਨਾ 2 'ਤੇ

## ਟੋਰਾਂਟੋ ਦੇ ਵਿਅਕਤੀ 'ਤੇ ਗ਼ੈਰ ਕਾਨੂੰਨੀ ਹਥਿਆਰ ਤੇ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼



ਬਰੈਂਪਟਨ, 25 ਅਗਸਤ (ਪੋਸਟ ਬਿਊਰੋ): ਬਰੈਂਪਟਨ ਵਿੱਚ ਟ੍ਰੈਫਿਕ ਸਟਾਪ ਦੌਰਾਨ ਹਥਿਆਰ ਮਿਲਣ ਤੋਂ ਬਾਅਦ ਉਮਰ ਭਰ ਹਥਿਆਰ ਰੱਖਣ 'ਤੇ ਪਾਬੰਦੀ ਦਾ ਸਾਹ-ਮਣਾ ਕਰ ਰਹੇ ਮੁਲਜ਼ਮ 'ਤੇ ਕਈ ਹੋਰ ਦੋਸ਼ ਲੱਗੇ ਹਨ। ਪੀਲ ਰੀਜਨਲ ਪੁਲਿਸ ਨੇ ਕਿਹਾ ਕਿ 15 ਅਗਸਤ ਨੂੰ 22 ਡਿਵੀਜ਼ਨ ਦੇ ਅਧਿਕਾਰੀਆਂ ਨੇ ਵਿਲੀਅਮਜ਼ ਪਾਰਕਵੇਅ ਅਤੇ ਕੈਨੇਡੀ ਰੋਡ ਦੇ ਨੇੜੇ ਇੱਕ ਵਾਹਨ ਨੂੰ ਰੋਕਿਆ। ਜਾਂਚ ਦੌਰਾਨ, ਪੁਲਿਸ ਨੂੰ ਵਾਹਨ ਵਿੱਚੋਂ ਇੱਕ ਲੋਡਡ ਬੰਦੂਕ ਅਤੇ ਸ਼ੱਕੀ ਨਸ਼ੀਲੇ ਪਦਾਰਥ ਮਿਲੇ। ਨਤੀਜੇ ਵਜੋਂ, ਟੋਰਾਂਟੋ ਦੇ 32 ਸਾਲਾ ਰਿਕਾਰਡੋ ਡਾਸਨ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕਈ ਹਥਿਆਰਾਂ ਅਤੇ ਪਾਬੰਦੀਸ਼ੁਦਾ ਪਦਾਰਥ ਰੱਖਣ ਦੇ ਦੋਸ਼ ਲੱਗੇ ਹਨ। ਮੁਲਜ਼ਮ 'ਤੇ ਗੈਰ-ਕਾਨੂੰਨੀ ਹਥਿਆਰ ਰੱਖਣ ਲਈ ਪਿਛਲੀ ਸਜ਼ਾ ਤੋਂ ਬਾਅਦ ਉਮਰ ਭਰ ਲਈ ਹਥਿਆਰਾਂ ਰੱਖਣ 'ਤੇ ਪਾਬੰਦੀ ਲਾਈ ਗਈ ਹੈ। ਪੁਲਿਸ ਨੇ ਇਸ ਮਾਮਲੇ ਬਾਰੇ ਹੋਰ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ 22 ਡਿਵੀਜ਼ਨ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ (905) 453-3311, ਐਕਸਟੈਂਸ਼ਨ 2233, ਜਾਂ ਕ੍ਰਾਈਮ ਸਟੌਪਰਜ਼ ਨਾਲ ਗੁਪਤ ਰੂਪ ਵਿੱਚ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

## ਪ੍ਰਦਰਸ਼ਨਕਾਰੀਆਂ ਵੱਲੋਂ ਰਸਤਾ ਬੰਦ ਕਰਨ ਕਰ ਕੇ ਕੈਪੀਟਲ ਪ੍ਰਾਈਡ ਪਰੇਡ ਹੋਈ ਰੱਦ




ਓਟਵਾ, 25 ਅਗਸਤ (ਪੋਸਟ ਬਿਊਰੋ): ਓਟਵਾ ਦੀ ਸਾਲਾਨਾ ਪ੍ਰਾਈਡ ਪਰੇਡ ਐਤਵਾਰ ਦੁਪਹਿਰ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਪ੍ਰਦਰਸ਼ਨਕਾਰੀਆਂ ਵੱਲੋਂ ਪਾਰਲੀਮੈਂਟ ਹਿੱਲ ਦੇ ਨੇੜੇ ਰਸਤਾ ਬੰਦ ਕਰਨ ਕਰਕੇ ਰੱਦ ਕਰ ਦਿੱਤੀ ਗਈ। ਸੋਸ਼ਲ ਮੀਡੀਆ 'ਤੇ ਇੱਕ ਸੰਖੇਪ ਬਿਆਨ ਵਿੱਚ ਕੈਪੀਟਲ ਪ੍ਰਾਈਡ ਦੇ ਪੇਜ ਨੇ ਕਰੀਬ ਦੁਪਹਿਰ 2:40 ਵਜੇ ਪਰੇਡ ਰੱਦ ਕਰਨ ਦਾ ਐਲਾਨ ਕੀਤਾ।

ਗਰੁੱਪ ਕੁਈਅਰਜ਼ ਫਾਰ ਫਲਸਤੀਨ-ਓਟਵਾ (Q4P) ਨੇ ਕਿਹਾ ਕਿ ਗ੍ਰੈਂਡ ਮਾਰਸ਼ਲ ਦੀ ਇਜਾਜ਼ਤ ਨਾਲ ਕੈਪੀਟਲ ਪ੍ਰਾਈਡ ਨੂੰ ਰੋਕ ਦਿੱਤਾ ਹੈ ਅਤੇ ਮੰਗਾਂ ਦੀ ਇੱਕ ਸੂਚੀ ਜਾਰੀ ਕੀਤੀ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ Q4P-O ਅਤੇ ਸਾਡਾ ਗੱਠਜੋੜ ਕੈਪੀਟਲ ਪ੍ਰਾਈਡ ਦੇ ਭਾਈਚਾਰੇ ਨਾਲ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਅਤੇ ਉਨ੍ਹਾਂ ਖਾਸ ਦਬਾਅ ਅਤੇ ਧਮਕੀਆਂ ਬਾਰੇ ਪਾਰਦਰਸ਼ਤਾ ਦੀ ਮੰਗ ਕਰ ਰਿਹਾ ਹੈ, ਜਿਨ੍ਹਾਂ ਨੇ ਉਨ੍ਹਾਂ ਦੇ ਫਲਸਤੀਨ ਏਕਤਾ ਮੁੱਲਾਂ ਨੂੰ ਵਾਪਸ ਅਲਮਾਰੀ ਵਿੱਚ ਧੱਕ ਦਿੱਤਾ ਹੈ। ਕੁਈਅਰਜ਼ ਫਾਰ ਫਲਸਤੀਨ - ਓਟਾਵਾ ਇਹ ਵੀ ਮੰਗ ਕਰ ਰਿਹਾ ਹੈ ਕਿ ਚੁਣੇ ਹੋਏ ਅਧਿਕਾਰੀ, ਜਿਨ੍ਹਾਂ ਨੇ ਪਿਛਲੇ ਸਾਲ ਕੈਪੀਟਲ ਪ੍ਰਾਈਡ ਦਾ ਬਾਈਕਾਟ ਕੀਤਾ ਸੀ, ਮੁਆਫ਼ੀ ਮੰਗਣ ਅਤੇ ਬਿਨਾਂ ਕਿਸੇ ਸ਼ਰਤ ਦੇ ਉਨ੍ਹਾਂ ਨਾਲ ਮਾਰਚ ਕਰਨ ਲਈ ਜਨਤਕ ਤੌਰ 'ਤੇ ਵਚਨਬੱਧ ਹੋਣ।

ਇੰਸਟਾਗ੍ਰਾਮ 'ਤੇ ਪੋਸਟ ਕੀਤੇ ਗਏ ਇੱਕ ਬਿਆਨ ਵਿੱਚ, ਮੇਅਰ ਸਟਕਲਿਫ ਨੇ ਕਿਹਾ ਕਿ ਇਹ ਬਹੁਤ ਅਫ਼ਸੋਸਨਾਕ ਹੈ ਕਿ ਕਾਰਕੁਨਾਂ ਦੇ ਇੱਕ ਸਮੂਹ ਨੇ ਪਰੇਡ ਨੂੰ ਰੋਕਿਆ। ਸਟਕਲਿਫ ਨੇ ਕਿਹਾ ਕਿ ਉਹ ਪੂਰੇ ਹਫ਼ਤੇ ਸਮਾਗਮਾਂ ਵਿੱਚ ਕੈਪੀਟਲ ਪ੍ਰਾਈਡ ਵਿੱਚ ਭਾਈਚਾਰੇ ਵਿੱਚ ਸ਼ਾਮਿਲ ਹੋਣ 'ਤੇ ਮਾਣ ਮਹਿਸੂਸ ਕਰ ਰਹੇ ਹਨ।

ਨਵਾਂ ਘਾਹ ਲਵਾਉ | 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients



ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor : Jagdish Singh Grewal
Managing Director: Parminder Kaur Grewal
Contributing Editors: Gyan Singh
Sub Edtior: Angrez Singh
Marketing Executives: Sajandeep Singh
Creative Head: Komal Matharu

Punjabi Post is a daily newspaper (Digital Edition) published Monday to Friday. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind.

Thank you.

# ਕੈਲੇਡਨ ਗੋਲੀਬਾਰੀ ਮਾਮਲੇ 'ਚ ਚਾਰ ਗ੍ਰਿਫ਼ਤਾਰ, ਬਾਕੀ ਸ਼ੱਕੀ ਹਾਲੇ ਵੀ ਫਰਾਰ



ਕੈਲੇਡਨ, 25 ਅਗਸਤ (ਪੋਸਟ ਬਿਊਰੋ): ਕੈਲੇਡਨ ਵਿੱਚ ਸੂਬਾਈ ਪੁਲਿਸ ਸ਼ਨੀਵਾਰ ਸਵੇਰੇ ਤੜਕੇ ਇੱਕ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਇਸ ਲਈ ਸ਼ੈਲਟਰ-ਇਨ-ਪਲੇਸ ਆਰਡਰ ਦਿੱਤਾ ਗਿਆ ਹੈ। ਹਾਈਵੇਅ 9 ਦੇ ਨੇੜੇ ਫਿਨਰਟੀ ਸਾਈਡ ਰੋਡ 'ਤੇ ਇੱਕ ਘਰ ਵਿੱਚ ਗੋਲੀਆਂ ਚੱਲਣ ਦੀਆਂ ਰਿਪੋਰਟਾਂ 'ਤੇ ਅਧਿਕਾਰੀਆਂ ਨੂੰ ਸਵੇਰੇ 5:15 ਵਜੇ ਦੇ ਕਰੀਬ ਸੂਚਨਾ ਮਿਲੀ ਸੀ। ਦਿ ਗੋਰ ਰੋਡ, ਪੈਟਰਸਨ ਸਾਈਡ ਰੋਡ, ਫਿਨਰਟੀ ਸਟਰੀਟ ਅਤੇ ਹੰਬਰ ਸਟੇਸ਼ਨ ਰੋਡ ਸਮੇਤ ਖੇਤਰ ਦੀਆਂ ਕਈ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਸੀ ਜਦੋਂਕਿ ਜਨਤਾ ਨੂੰ ਘਰ ਦੇ ਅੰਦਰ ਰਹਿਣ ਲਈ ਕਿਹਾ ਗਿਆ ਸੀ। ਅਧਿਕਾਰੀਆਂ ਨੇ ਸ਼ੈਲਟਰ-ਇਨ-ਪਲੇਸ ਆਰਡਰ ਦੌਰਾਨ ਕਿਸੇ ਵੀ ਸ਼ੱਕੀ ਵਿਅਕਤੀ ਨਾਲ ਗੱਲਬਾਤ ਕਰਨ ਖਿਲਾਫ਼ ਚੇਤਾਵਨੀ ਜਾਰੀ ਕੀਤੀ ਹੈ।

ਕੈਨਾਈਨ ਯੂਨਿਟ, ਐਮਰਜੈਂਸੀ ਰਿਸਪਾਂਸ ਟੀਮ ਅਤੇ ਰਣਨੀਤੀਆਂ ਅਤੇ ਬਚਾਅ ਯੂਨਿਟ ਸਮੇਤ ਵਿਸ਼ੇਸ਼ ਓਪੀਪੀ ਯੂਨਿਟਾਂ ਉੱਥੇ ਮੌਜੂਦ ਸਨ। ਪੁਲਿਸ ਦਾ ਕਹਿਣਾ ਹੈ ਕਿ ਤਿੰਨ ਲੋਕਾਂ ਨੂੰ ਗੋਲੀਆਂ ਲੱਗੀਆਂ ਸਨ, ਜਿਨ੍ਹਾਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਇੱਕ ਵਿਅਕਤੀ ਗੰਭੀਰ ਹੈ ਪਰ ਖ਼ਤਰੇ ਤੋਂ ਬਾਹਰ ਹੈ, ਜਦਕਿ ਬਾਕੀ ਦੋ ਪੀੜਤਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਮੁੱਢਲੀ ਜਾਂਚ ਤੋਂ ਬਾਅਦ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਪੁਲਿਸ ਦਾ ਮੰਨਣਾ ਹੈ ਕਿ ਬਾਕੀ ਮੁਲਜ਼ਮ ਹਾਲੇ ਵੀ ਫਰਾਰ ਹੋ ਸਕਦੇ ਹਨ। ਪੁਲਿਸ ਨੇ ਘਟਨਾ ਨਾਲ ਸਬੰਧਤ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ, ਜਿਸ ਵਿੱਚ ਡੈਸ਼ਕੈਮ ਜਾਂ ਘਰੇਲੂ ਸੁਰੱਖਿਆ ਵੀਡੀਓ ਫੁਟੇਜ ਸ਼ਾਮਿਲ ਹੈ 1-888-310-1122 'ਤੇ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

# ਰੂਸ ਦੇ ਪ੍ਰਮਾਣੂ ਪਲਾਂਟ 'ਤੇ ਯੂਕਰੇਨ ਨੇ ਕੀਤਾ ਹਮਲਾ

## ਰੂਸ ਨੇ ਕਿਹਾ- ਯੂਕਰੇਨ ਨੇ ਆਪਣੇ ਸੁਤੰਤਰਤਾ ਦਿਵਸ 'ਤੇ 95 ਡਰੋਨ ਦਾਗੇ



ਕੀਵ, 25 ਅਗਸਤ (ਪੋਸਟ ਬਿਊਰੋ): ਰੂਸੀ ਮੀਡੀਆ ਅਨੁਸਾਰ, ਯੂਕਰੇਨ ਨੇ ਸ਼ਨੀਵਾਰ ਦੇਰ ਰਾਤ ਰੂਸ ਦੇ ਕੁਰਸਕ ਖੇਤਰ ਵਿੱਚ ਇੱਕ ਪ੍ਰਮਾਣੂ ਪਾਵਰ ਪਲਾਂਟ 'ਤੇ ਡਰੋਨ ਹਮਲਾ ਕੀਤਾ। ਇਹ ਘਟਨਾ ਉਦੋਂ ਵਾਪਰੀ ਜਦੋਂ ਯੂਕਰੇਨ ਆਪਣਾ 34ਵਾਂ ਆਜ਼ਾਦੀ ਦਿਵਸ ਮਨਾ ਰਿਹਾ ਸੀ। ਰੂਸ ਨੇ ਦੋਸ਼ ਲਗਾਇਆ ਕਿ ਹਮਲੇ ਕਾਰਨ ਪ੍ਰਮਾਣੂ ਪਲਾਂਟ ਵਿੱਚ ਅੱਗ ਲੱਗ ਗਈ।

ਰੂਸੀ ਅਧਿਕਾਰੀਆਂ ਨੇ ਕਿਹਾ ਕਿ ਰਾਤੋ-ਰਾਤ ਕਈ ਬਿਜਲੀ ਅਤੇ ਊਰਜਾ ਪਲਾਂਟਾਂ 'ਤੇ ਵੀ ਹਮਲਾ ਕੀਤਾ ਗਿਆ। ਹਾਲਾਂਕਿ, ਪ੍ਰਮਾਣੂ ਪਲਾਂਟ ਵਿੱਚ ਲੱਗੀ ਅੱਗ ਜਲਦੀ ਹੀ ਬੁਝ ਗਈ ਅਤੇ ਕੋਈ ਜ਼ਖਮੀ ਨਹੀਂ ਹੋਇਆ। ਹਮਲੇ ਵਿੱਚ ਸਿਰਫ਼ ਇੱਕ ਟ੍ਰਾਂਸਫਾਰਮਰ ਨੂੰ ਨੁਕਸਾਨ ਪਹੁੰਚਿਆ।

ਰੂਸੀ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਕਿ ਰਾਤੋ-ਰਾਤ 95 ਤੋਂ ਵੱਧ ਯੂਕਰੇਨੀ ਡਰੋਨ ਤਬਾਹ ਕਰ ਦਿੱਤੇ ਗਏ। ਦੂਜੇ ਪਾਸੇ, ਯੂਕਰੇਨ ਨੇ ਕਿਹਾ ਕਿ ਰੂਸ ਨੇ ਰਾਤੋ-ਰਾਤ 72 ਡਰੋਨ ਅਤੇ ਇੱਕ ਕਰੂਜ਼ ਮਿਜ਼ਾਈਲ ਦਾਗੇ, ਜਿਨ੍ਹਾਂ ਵਿੱਚੋਂ 48 ਡਰੋਨ ਤਬਾਹ ਕਰ ਦਿੱਤੇ ਗਏ।

ਰੂਸ 'ਤੇ ਇਹ ਹਮਲਾ ਯੂਕਰੇਨ ਦੇ ਆਜ਼ਾਦੀ ਦਿਵਸ ਦੇ ਮੌਕੇ 'ਤੇ ਹੋਇਆ ਹੈ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਆਜ਼ਾਦੀ ਦਿਵਸ 'ਤੇ ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਯੂਕਰੇਨ ਆਪਣੀ ਆਜ਼ਾਦੀ ਲਈ ਉਦੋਂ ਤੱਕ ਲੜਦਾ ਰਹੇਗਾ ਜਦੋਂ ਤੱਕ ਉਸਦੀ ਸ਼ਾਂਤੀ ਦੀ ਅਪੀਲ ਨਹੀਂ ਸੁਣੀ ਜਾਂਦੀ।

ਜ਼ੇਲੇਂਸਕੀ ਨੇ ਦੇਸ਼ ਦੀ ਤਾਕਤ ਅਤੇ ਸ਼ਾਂਤੀ ਦੀ ਇੱਛਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਇੱਕ ਅਜਿਹਾ ਯੂਕਰੇਨ ਬਣਾ ਰਹੇ ਹਾਂ ਜੋ ਸੁਰੱਖਿਅਤ ਅਤੇ ਸ਼ਾਂਤੀਪੂਰਨ ਹੋਵੇ। ਸਾਡਾ ਭਵਿੱਖ ਸਾਡੇ ਹੱਥਾਂ ਵਿੱਚ ਹੈ। ਉਨ੍ਹਾਂ ਅੱਗੇ ਕਿਹਾ ਕਿ ਯੂਕਰੇਨ ਹਾਲੇ ਜਿੱਤਿਆ ਨਹੀਂ ਹੈ, ਪਰ ਇਹ ਹਾਰਿਆ ਵੀ ਨਹੀਂ ਹੈ।

ਹਾਲ ਹੀ ਵਿੱਚ ਹੋਏ ਅਮਰੀਕਾ-ਰੂਸ ਸੰਮੇਲਨ ਦਾ ਹਵਾਲਾ ਦਿੰਦੇ ਹੋਏ, ਜ਼ੇਲੇਂਸਕੀ ਨੇ ਕਿਹਾ ਕਿ ਦੁਨੀਆਂ ਯੂਕਰੇਨ ਦਾ ਸਤਿਕਾਰ ਕਰਦੀ ਹੈ ਅਤੇ ਇਸਨੂੰ ਬਰਾਬਰ ਦਾ ਦਰਜਾ ਦਿੰਦੀ ਹੈ। ਅੱਜ ਯੂਕਰੇਨ ਅਤੇ ਰੂਸ ਨੇ 146-146 ਕੈਦੀਆਂ ਦੀ ਅਦਲਾ-ਬਦਲੀ ਵੀ ਕੀਤੀ।

# ਓਟਵਾ ਵਿਚ 5 ਮਿਲੀਅਨ ਡਾਲਰ ਤੋਂ ਵੱਧ ਦਾ ਵਿਕਿਆ ਘਰ



ਓਟਵਾ, 25 ਅਗਸਤ (ਪੋਸਟ ਬਿਊਰੋ): ਓਟਵਾ ਦੇ ਕ੍ਰਿਸਟਲ ਬੇ ਇਲਾਕੇ ਵਿੱਚ ਸਥਿਤ ਇੱਕ ਘਰ 5.040 ਮਿਲੀਅਨ ਡਾਲਰ ਵਿੱਚ ਵਿਕਣ ਦੀ ਖ਼ਬਰ ਸਾਹਮਣੇ ਆਈ ਹੈ, ਜੋ ਕਿ ਇਸ ਸਾਲ ਓਟਵਾ ਵਿੱਚ ਵਿਕਿਆ ਸਭ ਤੋਂ ਮਹਿੰਗਾ ਘਰ ਹੈ। ਦੱਸਿਆ ਜਾ ਰਿਹਾ ਹੈ ਕਿ ਗ੍ਰੈਂਡਵਿਊ ਰੋਡ 'ਤੇ ਸਥਿਤ ਘਰ ਅਗਸਤ ਵਿੱਚ ਮੰਗੀ ਗਈ ਕੀਮਤ ਤੋਂ ਵੱਧ ਵਿਕਿਆ, ਇਹ 2023 ਵਿੱਚ ਰੌਕਕਲਿਫ ਪਾਰਕ ਵਿੱਚ ਇੱਕ ਘਰ 6.3 ਮਿਲੀਅਨ ਡਾਲਰ ਵਿੱਚ ਵਿਕਣ ਤੋਂ ਬਾਅਦ ਕਿਸੇ ਘਰ ਲਈ ਸਭ ਤੋਂ ਵੱਧ ਵਿਕਰੀ ਕੀਮਤ ਹੈ। ਪੰਜ ਬੈੱਡਰੂਮ, ਛੇ ਬਾਥਰੂਮ ਵਾਲੇ ਘਰ ਵਿੱਚ ਓਟਾਵਾ ਨਦੀ ਦੇ ਨਾਲ 117 ਫੁੱਟ ਦਾ ਫਰੰਟੇਜ, ਇੱਕ ਚਾਰ-ਕਾਰਾਂ ਵਾਲਾ ਗੈਰਾਜ, ਇੱਕ ਪੂਲ ਅਤੇ ਗਰਮ ਟੱਬ ਹੈ।

ਜਾਣਕਾਰੀ ਅਨੁਸਾਰ ਬੇਸਮੈਂਟ ਵਿੱਚ ਇੱਕ ਮਨੋਰੰਜਨ ਕਮਰਾ, ਨਿੱਜੀ ਬੈੱਡਰੂਮ ਅਤੇ ਜਿੰਮ ਵੀ ਹੈ। 5 ਮਿਲੀਅਨ ਡਾਲਰ ਦੀ ਕੀਮਤ ਕ੍ਰਿਸਟਲ ਬੇ ਇਲਾਕੇ ਲਈ ਇੱਕ ਰਿਕਾਰਡ ਤੋੜ ਵਿਕਰੀ ਹੈ। ਵਿਕਰੀ ਕੀਮਤ ਰੈੱਡਫਿਨ 'ਤੇ ਸੂਚੀਬੱਧ ਕੀਤੀ ਗਈ ਸੀ।

1 ਜੁਲਾਈ ਤੋਂ, ਓਟਵਾ ਵਿੱਚ ਚਾਰ ਘਰ 3.9 ਮਿਲੀਅਨ ਡਾਲਰ ਤੋਂ ਵੱਧ ਵਿੱਚ ਵਿਕ ਚੁੱਕੇ ਹਨ। ਰੌਕਕਲਿਫ ਪਾਰਕ ਵਿੱਚ ਲੈਂਸਡਾਊਨ ਰੋਡ ਸਾਊਥ 'ਤੇ ਇੱਕ ਘਰ 3.945 ਮਿਲੀਅਨ ਡਾਲਰ ਵਿੱਚ ਅਤੇ ਬੈਰਹੈਵਨ ਵਿੱਚ ਵਿੰਡਿੰਗ ਵੇਅ 'ਤੇ ਇੱਕ ਹੋਰ ਘਰ 4.6 ਮਿਲੀਅਨ ਡਾਲਰ ਵਿੱਚ ਵਿਕਿਆ। ਜਾਣਕਾਰੀ ਅਨੁਸਾਰ ਓਟਵਾ ਦੇ ਡਾਓਜ਼ ਲੇਕ 'ਤੇ ਓਲਡ ਸਨਸੈੱਟ ਬੁਲੇਵਾਰਡ 'ਤੇ ਇੱਕ ਘਰ ਜਨਵਰੀ 2024 ਵਿੱਚ 5 ਮਿਲੀਅਨ ਡਾਲਰ ਵਿੱਚ ਵਿਕਿਆ ਸੀ।

# ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਯੂਕਰੇਨ ਦੇ ਆਜ਼ਾਦੀ ਦਿਵਸ ਮੌਕੇ ਕੀਵ ਦੇ ਸਮਾਗਮ 'ਚ ਕੀਤੀ ਸ਼ਿਰਕਤ

ਪੰਨਾ 1 ਦਾ ਬਾਕੀ

ਇੱਕ ਨਾਟੋ ਪ੍ਰੈੱਸ ਰਿਲੀਜ਼ ਦੇ ਅਨੁਸਾਰ ਲਗਭਗ 680 ਮਿਲੀਅਨ ਡਾਲਰ ਸੰਯੁਕਤ ਰਾਜ ਅਮਰੀਕਾ ਵੱਲੋਂ ਬਣਾਏ ਗਏ ਫੌਜੀ ਉਪਕਰਣਾਂ ਦੇ ਨਾਟੋ ਪੈਕੇਜ ਲਈ ਹੋਣਗੇ, ਜਿਸ ਵਿੱਚ ਹਵਾਈ ਰੱਖਿਆ ਸਮਰੱਥਾਵਾਂ ਵੀ ਸ਼ਾਮਿਲ ਹਨ। ਜੁਲਾਈ ਵਿੱਚ, ਨਾਟੋ ਦੇ ਸਕੱਤਰ ਜਨਰਲ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਪਹਿਲਕਦਮੀ ਦਾ ਐਲਾਨ ਕੀਤਾ, ਨਾਟੋ ਮੈਂਬਰਾਂ ਨੂੰ ਇਨ੍ਹਾਂ 500 ਮਿਲੀਅਨ ਡਾਲਰ ਦੇ ਅਮਰੀਕੀ ਪੈਕੇਜਾਂ ਨੂੰ ਫੰਡ ਦੇਣ ਦੀ ਅਪੀਲ ਕੀਤੀ, ਜਿਸ ਵਿੱਚ ਉਹ ਸਮਰੱਥਾਵਾਂ ਸ਼ਾਮਿਲ ਹਨ, ਜੋ ਸੰਯੁਕਤ ਰਾਜ ਅਮਰੀਕਾ ਇਕੱਲੇ ਯੂਰਪ ਅਤੇ ਕੈਨੇਡਾ ਨਾਲੋਂ ਵੱਧ ਮਾਤਰਾ ਵਿੱਚ ਪ੍ਰਦਾਨ ਕਰ ਸਕਦਾ ਹੈ।

ਕੈਨੇਡਾ ਵੀ ਮਨੁੱਖੀ ਸਹਾਇਤਾ ਵਿੱਚ 31 ਮਿਲੀਅਨ ਡਾਲਰ ਦਾ ਯੋਗਦਾਨ ਪਾ ਰਿਹਾ ਹੈ। ਸਭ ਤੋਂ ਵੱਡਾ ਹਿੱਸਾ 12.75 ਮਿਲੀਅਨ ਡਾਲਰ, ਵਿਸ਼ਵ ਖੁਰਾਕ ਪ੍ਰੋਗਰਾਮ ਨਾਲ ਐਮਰਜੈਂਸੀ ਭੋਜਨ ਸਹਾਇਤਾ ਪ੍ਰਦਾਨ ਕਰਨ ਵੱਲ ਜਾਵੇਗਾ।

ਆਪਣੇ ਭਾਸ਼ਣ ਵਿੱਚ, ਕਾਰਨੀ ਨੇ ਇੱਕ ਵਾਰ ਫਿਰ ਟਰੰਪ ਨੂੰ ਇੱਕ



ਪਰਿਵਰਤਨਸ਼ੀਲ ਨੇਤਾ ਵਜੋਂ ਦਰਸਾਇਆ। ਕੈਨੇਡਾ ਰੂਸ ਨਾਲ ਆਪਣੀ ਜੰਗ ਵਿੱਚ ਯੂਕਰੇਨ ਦਾ ਸਮਰਥਨ ਕਰਨ ਵਾਲੇ 30 ਦੇਸ਼ਾਂ ਦੇ ਸਮੂਹ, ਕੋਲੀਸ਼ਨ ਆਫ਼ ਦਿ ਵਿਲਿੰਗ ਨਾਲ ਭਵਿੱਖ ਦੀ ਸੁਰੱਖਿਆ ਗਾਰੰਟੀਆਂ ਬਾਰੇ ਗੱਲਬਾਤ ਵਿੱਚ ਹਿੱਸਾ ਲੈ ਰਿਹਾ ਹੈ। ਯਾਤਰਾ ਤੋਂ ਪਹਿਲਾਂ ਪਿਛੋਕੜ 'ਤੇ ਬੋਲਦਿਆਂ ਇੱਕ ਕੈਨੇਡੀਅਨ ਸਰਕਾਰੀ ਅਧਿਕਾਰੀ ਨੇ ਕਿਹਾ ਕਿ ਕੈਨੇਡਾ ਅੰਤਿਮ ਜੰਗਬੰਦੀ ਵਿੱਚ ਯੂਕਰੇਨ ਵਿੱਚ ਫੌਜ ਭੇਜਣ ਦੀ ਸੰਭਾਵਨਾ ਨੂੰ ਛੱਡ ਨਹੀਂ ਰਿਹਾ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਕਰਜ਼ੇ ਦੀ ਸਿਰਦਰਦੀ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

Late Evening and Weekends
Appointments Available 1888 864 3131

Jasbir Singh Hundal
Qualified Credit Counsellor

www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration

We do appeal for Refusal cases also

Sponsor Your Family

MacroGlobal
Immigration Services Ltd.

Seema Bhayana

MEMBER iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਰਾਕੇਟ ਸਟਾਰਸ਼ਿਪ ਦਾ 10ਵਾਂ ਪ੍ਰੀਖਣ ਮੁਲਤਵੀ

ਟੈਕਸਾਸ, 25 ਅਗਸਤ (ਪੋਸਟ ਬਿਊਰੋ): ਜ਼ਮੀਨੀ ਪ੍ਰਣਾਲੀ ਵਿੱਚ ਨੁਕਸ ਕਾਰਨ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਰਾਕੇਟ ਸਟਾਰਸ਼ਿਪ ਦਾ 10ਵਾਂ ਪ੍ਰੀਖਣ ਮੁਲਤਵੀ ਕਰ ਦਿੱਤਾ ਗਿਆ ਹੈ। ਜ਼ਮੀਨੀ ਪ੍ਰਣਾਲੀ ਵਿੱਚ ਨੁਕਸ ਦਾ ਮਤਲਬ ਹੈ ਕਿ ਰਾਕੇਟ ਲਾਂਚ ਕਰਨ ਲਈ ਜ਼ਮੀਨ 'ਤੇ ਮੌਜੂਦ ਉਪਕਰਣਾਂ, ਮਸ਼ੀਨਾਂ ਜਾਂ ਪ੍ਰਣਾਲੀਆਂ ਵਿੱਚ ਤਕਨੀਕੀ ਸਮੱਸਿਆ ਆਈ ਹੈ।



ਇਸ ਨੂੰ ਅੱਜ 25 ਅਗਸਤ ਨੂੰ ਸਵੇਰੇ 5 ਵਜੇ ਬੋਕਾ ਚਿਕਾ ਤੋਂ ਲਾਂਚ ਕੀਤਾ ਜਾਣਾ ਸੀ। ਹੁਣ ਇਸਨੂੰ ਭਾਰਤੀ ਸਮੇਂ ਅਨੁਸਾਰ ਮੰਗਲਵਾਰ ਸਵੇਰੇ 5 ਵਜੇ ਲਾਂਚ ਕੀਤਾ ਜਾਵੇਗਾ।

ਪਹਿਲਾਂ ਇਹ ਪ੍ਰੀਖਣ 29 ਜੂਨ ਨੂੰ ਕੀਤਾ ਜਾਣਾ ਸੀ, ਪਰ ਸਟੈਟਿਕ ਫਾਇਰ ਟੈਸਟ ਦੌਰਾਨ ਸਟਾਰਸ਼ਿਪ ਵਿੱਚ ਧਮਾਕਾ ਹੋਇਆ। ਇਸ ਪ੍ਰੀਖਣ ਵਿੱਚ, ਰਾਕੇਟ ਨੂੰ ਜ਼ਮੀਨ 'ਤੇ ਰੱਖਿਆ ਜਾਂਦਾ ਹੈ ਅਤੇ ਇਸਦਾ ਇੰਜਣ ਚਾਲੂ ਕੀਤਾ ਜਾਂਦਾ ਹੈ, ਤਾਂ ਜੋ ਲਾਂਚ ਤੋਂ ਪਹਿਲਾਂ ਸਭ ਕੁਝ ਠੀਕ ਹੋਵੇ, ਇਸਦੀ ਜਾਂਚ ਕੀਤੀ ਜਾ ਸਕੇ। ਪ੍ਰੀਖਣ ਦੌਰਾਨ, ਰਾਕੇਟ ਦੇ ਉੱਪਰਲੇ ਹਿੱਸੇ ਵਿੱਚ ਅਚਾਨਕ ਧਮਾਕਾ ਸ਼ੁਰੂ ਹੋ ਗਿਆ। ਕੁਝ ਹੀ ਸਮੇਂ ਵਿੱਚ, ਪੂਰਾ ਰਾਕੇਟ ਅੱਗ ਦੇ ਗੋਲੇ ਵਿੱਚ ਬਦਲ ਗਿਆ।

ਇਹ ਰਾਕੇਟ ਦੁਨੀਆਂ ਦੇ ਸਭ ਤੋਂ ਅਮੀਰ ਕਾਰੋਬਾਰੀ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਦੁਆਰਾ ਬਣਾਇਆ ਗਿਆ ਹੈ। ਸਟਾਰਸ਼ਿਪ ਪੁਲਾੜ ਯਾਨ (ਉੱਪਰਲਾ ਹਿੱਸਾ) ਅਤੇ ਸੁਪਰ ਹੈਵੀ ਬੂਸਟਰ (ਹੇਠਲਾ ਹਿੱਸਾ) ਨੂੰ ਸਮੂਹਿਕ ਤੌਰ 'ਤੇ 'ਸਟਾਰਸ਼ਿਪ' ਕਿਹਾ ਜਾਂਦਾ ਹੈ। ਇਸ ਵਾਹਨ ਦੀ ਉਚਾਈ 403 ਫੁੱਟ ਹੈ। ਇਹ ਪੂਰੀ ਤਰ੍ਹਾਂ ਮੁੜ ਵਰਤੋਂ ਯੋਗ ਹੈ।

# ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਪਹੁੰਚੇ ਲਖਨਊ, ਹਵਾਈ ਅੱਡੇ ’ਤੇ ਪੁਲਾੜ ਯਾਤਰੀਆਂ ਵਜੋਂ ਪਹੁੰਚੇ ਸਕੂਲੀ ਬੱਚਿਆਂ ਨੇ ਕੀਤਾ ਸਵਾਗਤ ਕੀਤਾ

ਲਖਨਊ, 25 ਅਗਸਤ (ਪੋਸਟ ਬਿਊਰੋ): ਪੁਲਾੜ ਯਾਤਰਾ ਤੋਂ ਵਾਪਿਸ ਆਉਣ ਤੋਂ 41 ਦਿਨਾਂ ਬਾਅਦ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਲਖਨਊ ਪਹੁੰਚ ਗਏ ਹਨ। ਉਨ੍ਹਾਂ ਦੀ ਪਤਨੀ ਕਾਮਨਾ ਅਤੇ 6 ਸਾਲਾ ਪੁੱਤਰ ਕਿਆਸ਼ ਵੀ ਉਨ੍ਹਾਂ ਦੇ ਨਾਲ ਹਨ। ਹਵਾਈ ਅੱਡੇ ’ਤੇ ਪੁਲਾੜ ਯਾਤਰੀਆਂ ਵਜੋਂ ਪਹੁੰਚੇ ਸਕੂਲੀ ਬੱਚਿਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦਾ ਪਰਿਵਾਰ ਵੀ ਮੌਜੂਦ ਸੀ।



ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਨੇ ਸ਼ੁਭਾਂਸ਼ੂ ਦਾ ਸਵਾਗਤ ਕੀਤਾ। ਸ਼ੁਭਾਂਸ਼ੂ ਦਾ ਸਵਾਗਤ ਕਰਨ ਲਈ ਹਜ਼ਾਰਾਂ ਲੋਕ ਤਿਰੰਗੇ ਨਾਲ ਹਵਾਈ ਅੱਡੇ ’ਤੇ ਪਹੁੰਚੇ ਸਨ। ਪੂਰਾ ਹਵਾਈ ਅੱਡਾ ਢੋਲ ਅਤੇ ਭਾਰਤ ਮਾਤਾ ਕੀ ਜੈ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਹਵਾਈ ਅੱਡੇ ਤੋਂ ਉਹ ਥਾਰ ਜੀਪ ’ਤੇ ਸਵਾਰ ਹੋਏ। 10 ਕਿਲੋਮੀਟਰ ਪੈਦਲ ਚੱਲਣ ਤੋਂ ਬਾਅਦ, ਉਹ ਥਾਰ ਤੋਂ ਉਤਰੇ ਅਤੇ ਰੱਥ ’ਤੇ ਸਵਾਰ ਹੋਏ। ਫਿਰ ਉਹ ਰੋਡ ਸ਼ੋਅ ਕਰਦੇ ਹੋਏ ਆਪਣੇ ਬਚਪਨ ਦੇ ਸਕੂਲ ਪਹੁੰਚੇ। ਇਸ ਦੌਰਾਨ ਕਈ ਥਾਵਾਂ ’ਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਸਕੂਲ ਵਿੱਚ ਸਵਾਗਤ ਪ੍ਰੋਗਰਾਮ ਦੌਰਾਨ ਸ਼ੁਭਾਂਸ਼ੂ ਦੀ ਮਾਂ ਅਤੇ ਭੈਣ ਨੂੰ ਸਟੇਜ ’ਤੇ ਬੁਲਾਇਆ ਗਿਆ। ਦੋਵੇਂ ਉੱਥੇ ਪਹੁੰਚਦੇ ਹੀ ਭਾਵੁਕ ਹੋ ਗਈਆਂ। ਮਾਂ ਆਸ਼ਾ ਸ਼ੁਕਲਾ ਨੇ ਸ਼ੁਭਾਂਸ਼ੂ ਨੂੰ ਜੱਫੀ ਪਾ ਲਈ ਅਤੇ ਰੋ ਪਈ। ਇਸ ਦੌਰਾਨ ਸ਼ੁਭਾਂਸ਼ੂ ਵੀ ਭਾਵੁਕ ਦਿਖਾਈ ਦਿੱਤੇ।

ਸ਼ੁਭਾਂਸ਼ੂ ਨੇ ਕਿਹਾ ਕਿ ਮੈਂ ਇੱਥੇ ਵੱਡਾ ਹੋਇਆ ਹਾਂ। ਮੈਂ ਤੁਹਾਡੇ ਵਾਂਗ ਪ੍ਰਤਿਭਾਸ਼ਾਲੀ ਨਹੀਂ ਸੀ। ਤੁਹਾਨੂੰ ਬਸ ਸਬਰ ਦੀ ਲੋੜ ਹੈ। ਮੇਰਾ ਦਿੱਲੀ ਵਿੱਚ ਵੀ ਸਵਾਗਤ ਕੀਤਾ ਗਿਆ, ਪਰ ਲਖਨਊ ਵਾਂਗ ਨਹੀਂ। ਤੁਸੀਂ ਪੁਲਾੜ ਵਿੱਚ ਕੀ ਕੀਤਾ? ਕਿਸੇ ਨੇ ਮੈਨੂੰ ਇਹ ਨਹੀਂ ਪੁੱਛਿਆ। ਸਾਰਿਆਂ ਨੇ ਪੁੱਛਿਆ ਕਿ ਤੁਸੀਂ ਪੁਲਾੜ ਯਾਤਰੀ ਕਿਵੇਂ ਬਣੇ।

ਇਸ ਦੌਰਾਨ, ਸਿਟੀ ਮੋਂਟੇਸਰੀ ਸਕੂਲ ਦੀ ਚੇਅਰਪਰਸਨ ਨੇ ਸ਼ੁਭਾਂਸ਼ੂ ਦੀ ਪਤਨੀ ਕਾਮਨਾ ਨੂੰ ਪੁੱਛਿਆ ਕਿ ਤੁਸੀਂ ਉਸਦਾ ਪਤੀ ਕਿਉਂ ਚੁਣਿਆ। ਉਹ ਇਸ ’ਤੇ ਸ਼ਰਮਿੰਦਾ ਹੋਣ ਲੱਗੀ। ਇਸ ਤੋਂ ਬਾਅਦ ਸ਼ੁਭਾਂਸ਼ੂ ਨੇ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਕਾਮਨਾ ਵਿੱਚ ਇੱਕ ਵਿਲੱਖਣ ਪ੍ਰਤਿਭਾ ਹੈ। ਉਹ ਬਹੁਤ ਦੂਰਦਰਸ਼ੀ ਹੈ। ਉਹ ਜਾਣਦੀ ਹੈ ਕਿ ਭਵਿੱਖ ਵਿੱਚ ਕਿਹੜੀ ਚੀਜ਼ ਕੰਮ ਕਰੇਗੀ।

# ਸਕੂਲ ਭਰਤੀ ਘੁਟਾਲੇ ਵਿੱਚ ਟੀਐੱਮਸੀ ਵਿਧਾਇਕ ਗ੍ਰਿਫ਼ਤਾਰ



ਕੋਲਕਾਤਾ, 25 ਅਗਸਤ (ਪੋਸਟ ਬਿਊਰੋ): ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸੋਮਵਾਰ ਨੂੰ ਸਕੂਲ ਭਰਤੀ ਘੁਟਾਲੇ ਮਾਮਲੇ ਵਿੱਚ ਟੀਐੱਮਸੀ ਵਿਧਾਇਕ ਜੀਵਨ ਕ੍ਰਿਸ਼ਨ ਸਾਹਾ ਨੂੰ ਗ੍ਰਿਫ਼ਤਾਰ ਕੀਤਾ। ਈਡੀ ਦੀ ਟੀਮ ਛਾਪੇਮਾਰੀ ਲਈ ਪਹੁੰਚੀ ਸੀ, ਪਰ ਵਿਧਾਇਕ ਨੂੰ ਇਸ ਬਾਰੇ ਜਾਣਕਾਰੀ ਮਿਲ ਗਈ ਸੀ। ਛਾਪੇਮਾਰੀ ਤੋਂ ਪਹਿਲਾਂ ਉਸਨੇ ਕੰਧ ਟੱਪ ਕੇ ਭੱਜਣ ਦੀ ਕੋਸ਼ਿਸ਼ ਕੀਤੀ।

ਇਸ ਦੌਰਾਨ ਸਾਹਾ ਨੇ ਨਾਲੇ ਵਿੱਚ ਮੋਬਾਈਲ ਫ਼ੋਨ ਵੀ ਸੁੱਟ ਦਿੱਤਾ, ਜੋਕਿ ਈਡੀ ਨੇ ਬਰਾਮਦ ਕਰ ਲਿਆ ਹੈ। ਗ੍ਰਿਫ਼ਤਾਰੀ ਸਮੇਂ ਵਿਧਾਇਕ ਦੀਆਂ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ। ਇੱਕ ਫੋਟੋ ਵਿੱਚ ਉਹ ਚਿੱਕੜ ਵਿੱਚ ਲਿਬੜੇ ਹੋਏ ਦਿਖਾਈ ਦੇ ਰਹੇ ਹਨ। ਸਾਹਾ ਮੁਰਸ਼ੀਦਾਬਾਦ ਦੇ ਬੁਰਵਾਨ ਤੋਂ ਵਿਧਾਇਕ ਹਨ।

ਟੀਐੱਮਸੀ ਵਿਧਾਇਕ ਸਾਹਾ, ਉਨ੍ਹਾਂ ਦੇ ਰਿਸ਼ਤੇਦਾਰ ਅਤੇ ਸਹਿਯੋਗੀ ਈਡੀ ਦੁਆਰਾ ਦਰਜ ਕੀਤੇ ਗਏ ਮਨੀ ਲਾਂਡਰਿੰਗ ਮਾਮਲੇ ਵਿੱਚ ਦੋਸ਼ੀ ਹਨ। ਸਾਹਾ ਨੂੰ ਇੱਕ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਹੋਰ ਜਾਂਚ ਲਈ ਉਸਦੀ ਹਿਰਾਸਤ ਦੀ ਮੰਗ ਕੀਤੀ ਜਾਵੇਗੀ।

ਸਕੂਲ ਅਧਿਆਪਕ ਭਰਤੀ ਘੁਟਾਲੇ ਨਾਲ ਜੁੜੇ ਬੀਰਭੂਮ ਦੇ ਇੱਕ ਵਿਅਕਤੀ ਨੇ ਪੈਸੇ ਦੇ ਲੈਣ-ਦੇਣ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਾਹਾ ਦੇ ਕੰਪਲੈਕਸ ਦੀ ਤਲਾਸ਼ੀ ਲਈ। ਈਡੀ ਦੀ ਟੀਮ ਨੇ ਬੀਰਭੂਮ ਦੇ ਵਿਅਕਤੀ ਦੇ ਨਾਲ ਸਾਹਾ ਦੇ ਘਰ ਛਾਪਾ ਮਾਰਿਆ। ਇਸ ਤੋਂ ਪਹਿਲਾਂ, ਈਡੀ ਨੇ ਸਾਹਾ ਦੀ ਪਤਨੀ ਤੋਂ ਵੀ ਪੁੱਛਗਿੱਛ ਕੀਤੀ ਸੀ।

ਸਾਹਾ ਨੂੰ 2023 ਵਿੱਚ ਸੀਬੀਆਈ ਨੇ ਵੀ ਇਸੇ ਘੁਟਾਲੇ ਨਾਲ ਸਬੰਧਤ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਸੀ ਅਤੇ ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਇਹ ਮਾਮਲਾ ਸੀਬੀਆਈ ਐੱਫਆਈਆਰ ਤੋਂ ਉੱਠਿਆ ਸੀ, ਜਿਸ ਨੂੰ ਕਲਕੱਤਾ ਹਾਈਕੋਰਟ ਨੇ 9ਵੀਂ ਤੋਂ 12ਵੀਂ ਜਮਾਤ ਦੇ ਸਹਾਇਕ ਅਧਿਆਪਕਾਂ ਅਤੇ ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਵਿੱਚ ਬੇਨਿਯਮੀਆਂ ਦੀ ਜਾਂਚ ਕਰਨ ਲਈ ਨਿਰਦੇਸ਼ ਦਿੱਤਾ ਸੀ।

# ਗਾਜ਼ਾ ਦੇ ਹਸਪਤਾਲ ’ਤੇ ਇਜ਼ਰਾਈਲ ਨੇ ਕੀਤਾ ਮਿਜ਼ਾਈਲ ਹਮਲਾ, 15 ਦੀ ਮੌਤ

## ਮਰਨ ਵਾਲਿਆਂ ’ਚ ਤਿੰਨ ਪੱਤਰਕਾਰ ਵੀ ਸ਼ਾਮਿਲ



ਤਲਅਵੀਵ, 25 ਅਗਸਤ (ਪੋਸਟ ਬਿਊਰੋ): ਗਾਜ਼ਾ ਸਿਹਤ ਮੰਤਰਾਲੇ ਅਨੁਸਾਰ, ਸੋਮਵਾਰ ਨੂੰ ਦੱਖਣੀ ਗਾਜ਼ਾ ਦੇ ਨਾਸਰ ਹਸਪਤਾਲ ਦੀ ਚੌਥੀ ਮੰਜ਼ਿਲ 'ਤੇ ਇਜ਼ਰਾਈਲ ਦੇ ਮਿਜ਼ਾਈਲ ਹਮਲੇ ਵਿੱਚ ਤਿੰਨ ਪੱਤਰਕਾਰਾਂ ਸਮੇਤ 15 ਲੋਕ ਮਾਰੇ ਗਏ। ਮਾਰੇ ਗਏ ਲੋਕਾਂ ਵਿੱਚ ਅਲਜਜ਼ੀਰਾ ਅਤੇ ਰਾਈਟਰਜ਼ ਦੇ ਪੱਤਰਕਾਰ ਵੀ ਸ਼ਾਮਿਲ ਸਨ।

ਸਿਹਤ ਮੰਤਰਾਲੇ ਨੇ ਕਿਹਾ ਕਿ ਇਹ ਹਮਲਾ ਇੱਕ "ਡਬਲ-ਟੈਪ" ਹਮਲਾ ਸੀ, ਜਿਸ ਵਿੱਚ ਲਗਾਤਾਰ ਦੋ ਮਿਜ਼ਾਈਲ ਹਮਲੇ ਹੋਏ। ਇਸ ਨਾਲ ਬਚਾਅ ਕਾਰਜ ਹੋਰ ਵੀ ਖ਼ਤਰਨਾਕ ਹੋ ਗਿਆ।

ਇਜ਼ਰਾਈਲ ਦੀ ਫੌਜ ਨੇ ਹਾਲੇ ਤੱਕ ਇਸ ਹਮਲੇ 'ਤੇ ਕੋਈ ਬਿਆਨ ਨਹੀਂ ਦਿੱਤਾ ਹੈ। ਹਾਲਾਂਕਿ, ਇਜ਼ਰਾਈਲ ਨੇ ਪਹਿਲਾਂ ਇਹ ਕਹਿ ਕੇ ਹਸਪਤਾਲਾਂ 'ਤੇ ਹਮਲਿਆਂ ਨੂੰ ਜਾਇਜ਼ ਠਹਿਰਾਇਆ ਹੈ ਕਿ ਹਮਾਸ ਦੇ ਅੱਤਵਾਦੀ ਉੱਥੇ ਕਮਾਂਡ ਅਤੇ ਕੰਟਰੋਲ ਸੈਂਟਰ ਚਲਾ ਰਹੇ ਸਨ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ (ਸੀਪੀਜੇ) ਅਨੁਸਾਰ, ਇਜ਼ਰਾਈਲ-ਹਮਾਸ ਸੰਘਰਸ਼ ਵਿੱਚ ਹੁਣ ਤੱਕ ਕੁੱਲ 192 ਪੱਤਰਕਾਰ ਮਾਰੇ ਗਏ ਹਨ। ਜਦੋਂਕਿ ਕੁਝ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ 200 ਤੋਂ ਵੱਧ ਪੱਤਰਕਾਰ ਮਾਰੇ ਗਏ ਹਨ। ਇਸ ਯੁੱਧ ਦੇ ਮੁਕਾਬਲੇ, ਰੂਸ-ਯੂਕਰੇਨ ਯੁੱਧ ਵਿੱਚ ਹੁਣ ਤੱਕ ਸਿਰਫ 18 ਪੱਤਰਕਾਰਾਂ ਦੀ ਮੌਤ ਹੋਈ ਹੈ।

ਗਾਜ਼ਾ ਸਿਹਤ ਮੰਤਰਾਲੇ ਨੇ ਕਿਹਾ ਕਿ ਇਸ ਜੰਗ ਵਿੱਚ ਹੁਣ ਤੱਕ 62,686 ਫਲਸਤੀਨੀ ਮਾਰੇ ਗਏ ਹਨ। ਅੰਦਾਜ਼ੇ ਅਨੁਸਾਰ, ਮਾਰੇ ਗਏ ਲੋਕਾਂ ਵਿੱਚੋਂ ਲਗਭਗ ਅੱਧੇ ਔਰਤਾਂ ਅਤੇ ਬੱਚੇ ਹਨ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਜਨਤਕ ਨਹੀਂ ਕੀਤੀ ਜਾਵੇਗੀ, ਦਿੱਲੀ ਹਾਈਕੋਰਟ ਨੇ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮ ਨੂੰ ਪਲਟਿਆ




ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੀਏ ਦੀ ਡਿਗਰੀ ਜਨਤਕ ਨਹੀਂ ਕੀਤੀ ਜਾਵੇਗੀ। ਦਿੱਲੀ ਹਾਈਕੋਰਟ ਨੇ ਸੋਮਵਾਰ ਨੂੰ ਕੇਂਦਰੀ ਸੂਚਨਾ ਕਮਿਸ਼ਨ (ਸੀਆਈਸੀ) ਦੇ ਹੁਕਮ ਨੂੰ ਪਲਟਾ ਦਿੱਤਾ।

ਹੁਣ ਦਿੱਲੀ ਯੂਨੀਵਰਸਿਟੀ (ਡੀਯੂ) ਨੂੰ ਪ੍ਰਧਾਨ ਮੰਤਰੀ ਦੀ ਡਿਗਰੀ ਨਹੀਂ ਦਿਖਾਉਣੀ ਪਵੇਗੀ। ਦਿੱਲੀ ਹਾਈਕੋਰਟ ਦੇ ਜਸਟਿਸ ਸਚਿਨ ਦੱਤਾ ਨੇ ਸੋਮਵਾਰ ਨੂੰ ਡੀਯੂ ਦੀ ਪਟੀਸ਼ਨ 'ਤੇ ਸੁਣਵਾਈ ਕੀਤੀ।

ਇੱਕ ਆਰਟੀਆਈ ਕਾਰਕੁਨ ਦੀ ਪਟੀਸ਼ਨ 'ਤੇ, ਸੀਆਈਸੀ ਨੇ ਦਿੱਲੀ ਯੂਨੀਵਰਸਿਟੀ ਨੂੰ 1978 ਵਿੱਚ ਬੀਏ ਦੀ ਪ੍ਰੀਖਿਆ ਪਾਸ ਕਰਨ ਵਾਲੇ ਸਾਰੇ ਵਿਦਿਆਰਥੀਆਂ ਦੇ ਰਿਕਾਰਡ ਜਨਤਕ ਕਰਨ ਦਾ ਹੁਕਮ ਦਿੱਤਾ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਵੀ ਉਸੇ ਸਾਲ ਪ੍ਰੀਖਿਆ ਪਾਸ ਕੀਤੀ ਸੀ। ਆਰਟੀਆਈ ਕਾਰਕੁਨ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੰਜੇ ਹੇਗੜੇ ਨੇ ਦਲੀਲ ਦਿੱਤੀ ਕਿ ਜੋ ਜਾਣਕਾਰੀ ਮੰਗੀ ਗਈ ਹੈ ਉਹ ਹਰ ਯੂਨੀਵਰਸਿਟੀ ਦੁਆਰਾ ਜਨਤਕ ਕੀਤੀ ਜਾਂਦੀ ਹੈ। ਇਹ ਅਕਸਰ ਨੋਟਿਸ ਬੋਰਡ 'ਤੇ, ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਅਤੇ ਕਈ ਵਾਰ ਅਖਬਾਰਾਂ ਵਿੱਚ ਵੀ ਪ੍ਰਕਾਸ਼ਤ ਹੁੰਦੀ ਹੈ।

ਇੱਥੇ, ਡੀਯੂ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਆਪਣਾ ਪੱਖ ਪੇਸ਼ ਕੀਤਾ ਅਤੇ ਕਿਹਾ ਕਿ ਆਰਟੀਆਈ ਰਾਹੀਂ ਜਾਣਕਾਰੀ ਮੰਗਣ ਲਈ ਸਿਰਫ਼ ਉਤਸੁਕਤਾ ਨੂੰ ਆਧਾਰ ਨਹੀਂ ਮੰਨਿਆ ਜਾ ਸਕਦਾ।

ਇਹ ਮਾਮਲਾ 2016 ਵਿੱਚ ਸ਼ੁਰੂ ਹੋਇਆ ਸੀ, ਜਦੋਂ ਆਰਟੀਆਈ ਕਾਰਕੁਨ ਨੀਰਜ ਕੁਮਾਰ ਨੇ ਡੀਯੂ ਤੋਂ 1978 ਵਿੱਚ ਬੀਏ ਪਾਸ ਕਰਨ ਵਾਲੇ ਸਾਰੇ ਵਿਦਿਆਰਥੀਆਂ ਦੇ ਨਾਮ, ਰੋਲ ਨੰਬਰ, ਅੰਕ ਅਤੇ ਪਾਸ-ਫੇਲ੍ਹ ਵੇਰਵੇ ਮੰਗੇ ਸਨ। ਇਸ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਉਸ ਸਾਲ ਬੀਏ ਪਾਸ ਕਰਨ ਦਾ ਵੀ ਜ਼ਿਕਰ ਹੈ। ਸੀਆਈਸੀ ਨੇ ਕਿਹਾ ਸੀ ਕਿ ਇਹ ਜਾਣਕਾਰੀ ਜਨਤਕ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਯੂਨੀਵਰਸਿਟੀ ਇੱਕ ਜਨਤਕ ਸੰਸਥਾ ਹੈ ਅਤੇ ਡਿਗਰੀ ਵੇਰਵਿਆਂ ਨੂੰ ਇੱਕ ਜਨਤਕ ਦਸਤਾਵੇਜ਼ ਮੰਨਿਆ ਜਾਂਦਾ ਹੈ।

# ਪੰਜਾਬ ਦੇ ਪੇਂਡੂ ਵਿਕਾਸ ਵਿੱਚ ਨਵਾਂ ਅਧਿਆਏ ਲਿਖਣਗੇ ਆਧੁਨਿਕ ਪੰਚਾਇਤ ਘਰ ਅਤੇ ਆਮ ਸੇਵਾ ਕੇਂਦਰ : ਸੌਂਦ

## 125 ਕਰੋੜ ਰੁਪਏ ਦੀ ਲਾਗਤ ਨਾਲ ਬਣਨਗੇ 500 ਆਧੁਨਿਕ ਪੰਚਾਇਤ ਘਰ ਅਤੇ ਸੇਵਾ ਕੇਂਦਰ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ): ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਆਧੁਨਿਕ ਪੰਚਾਇਤ ਘਰ ਅਤੇ ਆਮ ਸੇਵਾ ਕੇਂਦਰ ਪਿੰਡਾਂ ਦੇ ਵਿਕਾਸ ਵਿੱਚ ਨਵਾਂ ਅਧਿਆਏ ਲਿਖਣਗੇ। ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ ਪਹਿਲੇ ਪੜਾਅ ਤਹਿਤ 500 ਆਧੁਨਿਕ ਪੰਚਾਇਤ ਘਰ ਤੇ ਸੇਵਾ ਕੇਂਦਰ ਬਣਾਏ ਜਾ ਰਹੇ ਜਿਨ੍ਹਾਂ 'ਤੇ 125 ਕਰੋੜ ਰੁਪਏ ਦੀ ਲਾਗਤ ਆਵੇਗੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਚਾਇਤ ਘਰ ਅਤੇ ਕਾਮਨ ਸਰਵਿਸ ਸੈਂਟਰ (ਆਮ ਸੇਵਾ ਕੇਂਦਰ) ਬਣਾਉਣ ਦਾ ਪ੍ਰੋਜੈਕਟ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ ਹੈ।

ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ 2800 ਤੋਂ ਵੱਧ ਆਬਾਦੀ ਵਾਲੇ ਹਰੇਕ ਪਿੰਡ ਵਿੱਚ ਇਕ ਪੰਚਾਇਤ ਘਰ ਅਤੇ ਇਕ ਕਾਮਨ ਸਰਵਿਸ ਸੈਂਟਰ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਕ ਪੰਚ-ਾਇਤ ਘਰ ਬਣਾਉਣ ਦੀ ਲਾਗਤ 20 ਲੱਖ ਰੁਪਏ ਅਤੇ ਇਕ ਕਾਮਨ ਸਰਵਿਸ ਸੈਂਟਰ ਦੀ ਲਾਗਤ 5 ਲੱਖ ਰੁਪਏ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਉਨ੍ਹਾਂ ਪਿੰਡਾਂ ਦੀ ਚੋਣ ਕੀਤੀ ਗਈ ਹੈ, ਜਿੱਥੇ ਅਜੇ ਤੱਕ ਪੰਚਾਇਤ ਘਰ ਦੀ ਵਿਵਸਥਾ ਨਹੀਂ ਸੀ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਭਾਵੇਂ ਪੰਚਾਇਤਾਂ ਲੋਕਤੰਤਰ ਦੀ ਸਭ ਤੋਂ ਮਜ਼ਬੂਤ ਨੀਂਹ ਹਨ, ਪਰ ਬਹੁਤ ਸਾਰੀਆਂ ਪੰਚਾਇਤਾਂ ਕੋਲ ਬੈਠਣ ਲਈ ਢੁੱਕਵੀਂ ਥਾਂ ਵੀ ਨਹੀਂ ਸੀ ਪਰ ਸੇਵਾ ਕੇਂਦਰ ਤੇ ਪੰਚ-ਾਇਤ ਘਰ ਇਸ ਕਮੀ ਨੂੰ ਦੂਰ ਕਰਨਗੇ। ਇਸ ਪ੍ਰੋਜੈਕਟ ਤਹਿਤ ਪਿੰਡ ਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਚਾਇਤ ਘਰ ਮਹਿਜ਼ ਇਕ ਦਫਤਰ ਨਹੀਂ ਹੋਵੇਗਾ ਸਗੋਂ ਪਿੰਡਾਂ ਦੇ ਵਿਕਾਸ ਲਈ ਵਿਚਾਰ-ਚਰਚਾ ਅਤੇ ਫੈਸਲੇ ਲੈਣ ਦਾ ਮਹੱਤਵਪੂਰਨ ਕੇਂਦਰ ਹੋਵੇਗਾ। ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਕਾਮਨ ਸਰਵਿਸ ਸੈਂਟਰ ਪਿੰਡਾਂ ਵਿੱਚ ਡਿਜੀਟਲ ਕ੍ਰਾਂਤੀ ਦਾ ਧੁਰਾ ਬਣਨਗੇ ਜੋ ਪਿੰਡ ਵਾਸੀਆਂ ਨੂੰ ਆਨਲਾਈਨ ਸੇਵਾਵਾਂ ਲੈਣ ਵਿੱਚ ਮਦਦ ਕਰਨਗੇ।

ਪੰਚਾਇਤ ਮੰਤਰੀ ਨੇ ਦੱਸਿਆ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਸਰਕਾਰੀ ਸਕੀਮਾਂ ਲਈ ਨਾਮ ਦਰਜ ਕਰਵਾਉਣ, ਵਿੱਦਿਅਕ ਸੰਸਥਾਵਾਂ ਵਿੱਚ ਦਾਖਲਾ ਲੈਣ, ਆਧਾਰ ਕਾਰਡ ਜਾਂ ਪਾਸਪੋਰਟ ਬਣਵਾਉਣ ਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਆਨਲਾਈਨ ਹਾਸਲ ਹੁੰਦੀਆਂ ਹਨ ਜਿਸ ਕਰਕੇ ਕਾਮਨ ਸਰਵਿਸ ਸੈਂਟਰ ਲੋਕਾਂ ਦੀ ਸਹੂਲਤ ਲਈ ਵੱਡੀ ਭੂਮਿਕਾ ਨਿਭਾਉਣਗੇ। ਉਨ੍ਹਾਂ ਇਹ ਵੀ ਉਮੀਦ ਪ੍ਰਗਟਾਈ ਕਿ ਇਹ ਪ੍ਰਾਜੈਕਟ ਪੰਚਾਇਤਾਂ ਨੂੰ ਇਕ ਥਾਂ ਜੁੜ ਕੇ ਆਪਣੇ ਫੈਸਲੇ ਲੈਣ ਦਾ ਢੁਕਵਾਂ ਪਲੇਟਫਾਰਮ ਸਾਬਤ ਹੋਣਗੇ।

# ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਤਹਿਸੀਲਦਾਰ ਖਿਲਾਫ਼ ਜ਼ਮਾਨਤਯੋਗ ਵਾਰੰਟ ਜਾਰੀ




ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ): ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਲੋਕ ਸੂਚਨਾ ਅਧਿਕਾਰੀ-ਕਮ-ਤਹਿਸੀਲਦਾਰ ਖਰੜ ਖਿਲਾਫ਼ ਜ਼ਮਾਨਤਯੋਗ ਵਰੰਟ ਜਾਰੀ ਕੀਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਭਗਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਕੰਸਾਲਾ, ਖਰੜ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਅਪੀਲ ਕੇਸ ਨੰਬਰ 6586 ਆਫ਼ 2023 ਦੀ ਸੁਣਵਾਈ ਦੌਰਾਨ ਰਾਜ ਸੂਚਨਾ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੰਧੂ ਵੱਲੋਂ ਸਮੇਂ-ਸਮੇਂ 'ਤੇ ਜਾਰੀ ਪੇਸ਼ ਹੋਣ ਸਬੰਧੀ ਹੁਕਮਾਂ ਦੀ ਲੋਕ ਸੂਚਨਾ ਅਧਿਕਾਰੀ-ਕਮ-ਤਹਿਸੀਲਦਾਰ ਖਰੜ ਸ੍ਰੀਮਤੀ ਗੁਰਵਿੰਦਰ ਕੌਰ ਵੱਲੋਂ ਪਾਲਣਾ ਨਹੀਂ ਕੀਤੀ ਗਈ।

ਜਿਸ ਦੇ ਮੱਦੇਨਜ਼ਰ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸਿੰਘ ਸੰਧੂ ਵੱਲੋਂ ਐਸ.ਐਸ.ਪੀ. ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹਰਮਨਦੀਪ ਸਿੰਘ ਹਾਂਸ ਨੂੰ ਚਿੱਠੀ ਜਾਰੀ ਕਰਦਿਆਂ ਲੋਕ ਸੂਚਨਾ ਅਧਿਕਾਰੀ-ਕਮ-ਤਹਿਸੀਲਦਾਰ ਖਰੜ ਸ੍ਰੀਮਤੀ ਗੁਰਵਿੰਦਰ ਕੌਰ ਖਿਲਾਫ਼ ਜ਼ਮਾਨਤਯੋਗ ਵਰੰਟ ਜਾਰੀ ਕਰਦਿਆਂ 23-09-2025 ਨੂੰ ਸਵੇਰੇ 11:30 ਵਜੇ ਪੰਜਾਬ ਰਾਜ ਸੂਚਨਾ ਕਮਿਸ਼ਨ, ਚੰਡੀਗੜ੍ਹ ਵਿਖੇ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਇਹਨਾਂ ਹੁਕਮਾਂ ਦੀ ਕਾਪੀ ਲੋੜੀਂਦੀ ਕਾਰਵਾਈ ਅਤੇ ਜਾਣਕਾਰੀ ਹਿੱਤ ਡਿਪਟੀ ਕਮਿਸ਼ਨਰ, ਮੋਹਾਲੀ ਨੂੰ ਵੀ ਭੇਜ ਦਿੱਤੀ ਗਈ ਹੈ।

# ਪੰਜਾਬ ਪੁਲਿਸ ਨੇ ਪਾਕਿ-ਆਈਐੱਸਆਈ ਦੀ ਹਮਾਇਤ ਪ੍ਰਾਪਤ ਬੀਕੇਆਈ ਦੀ ਅੱਤਵਾਦੀ ਸਾਜ਼ਿਸ਼ ਕੀਤੀ ਨਾਕਾਮ

## ਬਟਾਲਾ ਤੋਂ ਚਾਰ ਹੈਂਡ-ਗ੍ਰਨੇਡ, 2 ਕਿਲੋਗ੍ਰਾਮ ਆਰਡੀਐਕਸ-ਅਧਾਰਤ ਆਈਈਡੀ ਬਰਾਮਦ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਬਟਾਲਾ ਪੁਲਿਸ ਨੇ ਪਾਕਿ-ਆਈਐੱਸਆਈ ਸਮਰਥਿਤ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਚਾਰ ਐਸਪੀਐਲ ਐਚਜੀਆਰ-84 ਹੈਂਡ ਗ੍ਰਨੇਡ (ਜਿਸਨੂੰ ਆਰਗੇਸ ਐਚਜੀ-84 ਵੀ ਕਿਹਾ ਜਾਂਦਾ ਹੈ) ਅਤੇ ਇੱਕ ਕਾਲੇ ਧਾਤੂ ਦੇ ਡੱਬੇ ਵਿੱਚ ਪੈਕ ਆਰਡੀਐਕਸ-ਅਧਾਰਤ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਜਿਸ ਦਾ ਭਾਰ ਲਗਭਗ 2 ਕਿਲੋਗ੍ਰਾਮ ਹੈ ਨੂੰ ਅੰਮ੍ਰਿਤਸਰ ਵੱਲ ਜਾਣ ਵਾਲੀ ਸੜਕ ਦੇ ਨੇੜੇ ਝਾੜੀਆਂ ਵਿੱਚੋਂ ਬਰਾਮਦ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ਇੱਕ ਬਾਓਫੇਂਗ ਡਿਊਲ-ਬੈਂਡ ਐਫਐਮ ਟ੍ਰਾਂਸੀਵਰ ਸੈੱਟ, ਇੱਕ ਡੀ-ਆਕਾਰ ਵਾਲਾ ਹੈੱਡਸੈੱਟ ਜੋ ਆਮ ਤੌਰ 'ਤੇ ਵਾਕੀ-ਟਾਕੀ ਨਾਲ ਵਰਤਿਆ ਜਾਂਦਾ ਹੈ, ਸਮੇਤ ਹੋਰ ਉਪਕਰਣ ਵੀ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖੇਪ ਯੂਕੇ ਅਧਾਰਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਅੱਤਵਾਦੀ ਨਿਸ਼ਾਨ ਸਿੰਘ ਉਰਫ ਨਿਸ਼ਾਨ ਜੋੜੀਆ, ਜੋ ਕਿ ਪਾਕਿ ਆਈਐਸਆਈ ਹਮਾਇਤ ਪ੍ਰਾਪਤ ਪਾਕਿਸਤਾਨ ਅਧਾਰਤ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਹੈ, ਦੇ ਨਿਰਦੇਸ਼ਾਂ 'ਤੇ ਰੱਖੀ ਗਈ ਸੀ।

ਡੀਜੀਪੀ ਨੇ ਦੱਸਿਆ ਕਿ ਇੱਕ ਦੋਸ਼ੀ, ਜਿਸਦੀ ਪਛਾਣ ਰਵਿੰਦਰ ਪਾਲ ਸਿੰਘ ਉਰਫ਼ ਰਵੀ ਵਾਸੀ ਪਿੰਡ ਪੂਰੀਆ ਕਲਾਂ ਵਜੋਂ ਹੋਈ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇੱਕ ਹੋਰ ਦੋਸ਼ੀ ਦੀ ਪਛਾਣ ਕਰ ਲਈ ਗਈ ਹੈ ਅਤੇ ਪੁਲਿਸ ਟੀਮਾਂ ਵੱਲੋਂ ਉਸਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਰਹੱਦ ਪਾਰੋਂ ਇਸ ਪੂਰੇ ਨੈਟਵਰਕ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਬਟਾਲਾ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਨੇ ਗੈਂਗਸਟਰ-ਅੱਤਵਾਦੀ ਨਿਸ਼ਾਨ ਸਿੰਘ ਉਰਫ਼ ਨਿਸ਼ਾਨ ਜੋੜੀਆ, ਜਿਸਨੇ ਵਿਸਫੋਟਕ ਛੁਪਾਉਣ ਅਤੇ ਪ੍ਰਾਪਤ ਕਰਨ ਦਾ ਪ੍ਰਬੰਧ ਕੀਤਾ ਸੀ, ਦੇ ਨਿਰਦੇਸ਼ਾਂ 'ਤੇ ਇੱਕ ਡੈੱਡ ਲੈਟਰਬਾਕਸ ਤਕਨੀਕ ਜ਼ਰੀਏ ਖੇਪ ਇਕੱਠੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਖੇਪ ਦੀ ਬਰਾਮਦਗੀ ਨੇ ਪੰਜਾਬ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਦੇ ਉਦੇਸ਼ ਨਾਲ ਸਰਹੱਦ ਪਾਰੋਂ ਰਚੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ।

ਐਸਐਸਪੀ ਨੇ ਦੱਸਿਆ ਕਿ ਨਿਸ਼ਾਨ ਜੋੜੀਆ ਨੂੰ ਗ੍ਰਿਫ਼ਤਾਰ ਕਰਨ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਭਾਰਤ ਵਾਪਸ ਡਿਪੋਰਟ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਸਬੰਧੀ, ਪੰਜਾਬ ਪੁਲਿਸ ਨੇ ਵਿਦੇਸ਼ ਮੰਤਰਾਲੇ ਅਤੇ ਬਰਮਿੰਘਮ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨਾਲ ਪੱਤਰ ਵਿਹਾਰ ਸ਼ੁਰੂ ਕੀਤਾ ਹੈ ਅਤੇ ਉਸ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ।

ਇਸ ਸਬੰਧੀ, ਐਫਆਈਆਰ ਨੰਬਰ 129 ਮਿਤੀ 21.08.2025 ਨੂੰ ਥਾਣਾ ਸਦਰ ਬਟਾਲਾ ਵਿਖੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3 ਅਤੇ 4 ਤਹਿਤ ਦਰਜ ਕੀਤੀ ਗਈ ਸੀ। ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਜਿਵੇਂ ਜਿਵੇਂ ਅੱਤਵਾਦੀ ਨੈੱਟਵਰਕਾਂ ਦੀ ਸ਼ਮੂਲੀਅਤ ਸਪੱਸ਼ਟ ਹੁੰਦੀ ਗਈ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਦੀਆਂ ਸੰਬੰਧਿਤ ਧਾਰਾਵਾਂ ਵੀ ਕੇਸ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (Italian citizen) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6




## ਲੜਕੀ ਦੀ ਲੋੜ

Well settled Canada Citizen Khatri Punjabi Boy, Vegetarian, No Drinking/smoking family, Handsome, M.Com LLB 1987 6" ft. height. Legally devorced, very short marriage. Senior service, Loan officer in Major Canada Bank. We are close knit family, requires all›caste, punjabi educated girl in Canada OR INDIA. New Comers also Considered on PR. Work permit, Parents. Please Call or whattsapp +1 437›446 8681

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੌਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜਰੂਰਤ। ਸੰਪਰਕ: 647-203-7573

ਕੇਨੈਡਾ (ਬਰੈਂਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

Sikh Jatt Girl Born in Jan 1995, 5'5" tall working with the Government of Canada and resides in Canada. She is a blend of modern values and traditional upbringing cultured, respectful, and family oriented. looking for a professionally›qualified well settled Sikh Jatt boy from a respectable family, preferably residing in Canada. Contact: +1 306 302 9009

ਰਾਮਗੜ੍ਹੀਆ ਲੜਕੀਆਂ 1997/5'5" Nursing, 1996/5'5" MA, Beauty Parler Course, ਸੁੰਦਰ, ਮਿਹਨਤੀ ਲਈ Canada, USA, Australia PR/Citizen ਲੜਕਿਆਂ ਦੀ ਲੋੜ। ਸੰਪਰਕ +919914607554 (whatsaap)

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

# ਪੈਨਾਹਿਲ ਸੀਨੀਅਰਜ਼ ਕਲੱਬ ਦੇ ਸ਼ਾਨਦਾਰ ਮੇਲੇ ਦੀ ਰੌਣਕ ਨੇ ਸਿਖਰ ਛੋਹੀ




( ਬਰੈਂਪਟਨ / ਬਾਸੀ ਹਰਚੰਦ) ਜੁਲਾਈ ਅਗੱਸਤ ਮਹੀਨਾ ਲੋਕਾਂ ਦੇ ਲਈ ਰੌਣਕ ਅਤੇ ਅਨੰਦ ਮਾਨਣ ਵਾਲਾ ਹੁੰਦਾ ਹੈ । ਪੈਨਾਹਿਲ ਸੀਨੀਅਰਜ਼ ਕਲੱਬ ਬਰੈਂਪਟਨ ਵੱਲੋਂ ਕਨੇਡਾ ਡੇ ਅਤੇ ਭਾਰਤ ਦੇ ਅਜ਼ਾਦੀ ਦਿਵਸ ਨੂੰ ਸਮਰਪਿਤ ਫੰਨ ਫੇਅਰ ਕਰਵਾਇਆ ਗਿਆ । ਬਾਰਾਂ ਵਜੇ ਦੇ ਕਰੀਬ ਦੋਹਾਂ ਦੇਸਾਂ ਦੇ ਕੌਮੀ ਝੰਡੇ ਭਰੇ ਇਕੱਠ ਦੀ ਸਮੂਲੀਅਤ ਵਿੱਚ ਪੈਟ ਫਰਟੀਨੀ ਰਿਜਨਲ ਕੌਂਸਲਰ, ਅਤੇ ਸਮੁੱਚੀ ਕਾਰਜ ਕਰਨੀ ਨੇ ਲਹਿਰਾਏ ਅਤੇ ਦੋਹਾਂ ਝੰਡਿਆਂ ਨੂੰ ਸਲਾਮੀ ਦਿਤੀ। ਕਲੱਬ ਦੇ ਸਕੱਤਰ ਕੁਲਵੰਤ ਸਿੰਘ ਜੰਜੂਆ ਨੇ ਪੈਨਾਹਿਲ ਸੀਨੀ'' ਕਲੱਬ ਦੇ ਪਰਧਾਂਨ ਅਵਤਾਰ ਸਿੰਘ ਪੁਰੇਵਾਲ, ਜੰਗੀਰ ਸਿੰਘ ਸੈਂਭੀ ਪਰਧਾਂਨ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ, ਜਸਵਿੰਦਰ ਸਿੰਘ ਰੱਖੜਾ ਸੀਨੀਅਰ ਵਾਈਸ ਪ੍ਰੈਜੀਡੇਂਟ, ਪੈਟ ਫਰਟੀਨੀ ਰਿਜਨਲ ਕੌਂਸਲਰ , ਸੱਤਪਾਲ ਸਿੰਘ ਜੌਹਲ ਵਾਈਸ ਚੇਅਰਮੈਨ ਪੀਲ ਸਕੂਲ ਬੋਰਡ ਨੂੰ ਸਮਾਗਮ ਦੀ ਪ੍ਰਧਾਂਨਗੀ ਕਰਨ ਲਈ ਸਨਮਾਨ ਪੂਰਵਕ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਬਤ ਹੋਣ ਲਈ ਬੇਨਤੀ ਕੀਤੀ ਅਤੇ ਆਈਆਂ ਸੰਗਤਾਂ ਦਾ ਸ਼ਾਨਦਾਰ ਲਫਜ਼ਾਂ ਵਿੱਚ ਸੁਆਗਤ ਕੀਤਾ । ਇਸ ਉਪਰੰਤ ਸਟੇਜ ਦੀ ਅਗਲੀ ਕਾਰਵਾਈ ਚਲਾਉਣ ਲਈ ਮਾਈਕ ਹਰਚੰਦ ਸਿੰਘ ਬਾਸੀ ਦੇ ਹਵਾਲੇ ਕਰ ਦਿੱਤਾ । ਜਿਸ ਨੇ ਪਹਿਲਾਂ ਸੰਗਤਾਂ ਦੇ ਇਕੱਠ ਨੂੰ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੁਆਗਤ ਅਤੇ ਜੀ ਆਇਆਂ ਕਿਹਾ । ਇਸ ਦੇ ਨਾਲ ਹੀ ਬਰੈਂਪਟਨ ਸਿਟੀ ਦੇ ਨੁਮਾਇੰਦੇ ਹਰਕੀਰਤ ਸਿੰਘ ਡਿਪਟੀ ਮੇਅਰ , ਰੌਡ ਪਾਵਰ ਕੌਂਸਲਰ ਵਾਰਡ 7-8, ਸੱਤਪਾਲ ਸਿੰਘ ਜੌਹਲ ਵਾਈਸ ਪ੍ਰੈਜੀਡੈਂਟ ਪੀਲ ਸਕੌਲ ਬੋਰਡ , ਗੁਰਪਰਤਾਪ ਸਿੰਘ ਤੂਰ ਰਿਜਨਲ ਕੌਂਸਲਰ ਵਾਰਡ 9-10 ਅੱਗੇ ਪਿੱਛੇ ਪਹੁੰਚਦੇ ਗਏ ਅਤੇ ਉਹਨਾਂ ਨੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕੀਤਾ । ਮਨਿੰਦਰ ਸਿੰਘ ਸਿੱਧੂ ਫੈਡਰਲ ਟਰੇਡ ਮਨਿਸਟਰ ਦੇ ਦਫਤਰ ਤੋਂ ਅਸ਼ੋਕ ਕੁਮਾਰ ਅਤੇ ਹਰਦੀਪ ਸਿੰਘ ਗਰੇਵਾਲ ਐਮ ਪੀ ਪੀ ਦੇ ਦਫਤਰ ਤੋਂ ਸਾਜਨਦੀਪ ਸਿੰਘ ਨੇ ਕਲੱਬ ਨੂੰ ਸਨਮਾਨ ਸਰਟੀਫਿਕੇਟ ਭੇਟ ਕੀਤੇ । ਮੌਸਮ ਖੁਸ਼ਗਵਾਰ ਹੋ ਗਿਆ ਮੇਲਾ ਖਚਾ ਖਚ ਭਰ ਗਿਆ ਮਹਿਮਾਨਾਂ ਲਈ ਪਹਿਲਾਂ ਸੁਆਦਲੇ ਸਨੈਕਸ ਚਾਹ ,ਸਨੈਕਸ, ਰੂਹ ਅਫਜ਼ਾ ਪਰੋਸਿਆ ਗਿਆ ਜੋ ਸਾਰਾ ਦਿਨ ਚਲਦਾ ਰਿਹਾ । ਉਪਰੰਤ ਛੋਲੇ ,ਪੂਰੀਆਂ ਅਤੇ ਚੌਲ ਪਰੋਸੇ ਗਏ। ਗੋਲ ਗੱਪਿਆਂ ਦੀ ਸੇਵਾ ਨਿਰਮਲ ਸਿੰਘ ਖੰਘੂੜਾ ਅਤੇ ਜਸਵੰਤ ਸਿੰਘ ਗਿਲ ਦੇ ਪ੍ਰੀਵਾਰ ਨੇ ਕੀਤੀ । ਸ਼ਾਮ ਨੂੰ ਮਨਪਰੀਤ ਸਿੰਘ ਫਰਵਾਹਾ ਨੇ ਆਪਣੇ ਪਿਤਾ ਸੁਖਦੇਵ ਸਿੰਘ ਫਰਵਾਹਾ, ਕਲੱਬ ਦੇ ਪਹਿਲੇ ਪ੍ਰਧਾਂਨ ਦੀ ਯਾਂਦ ਵਿੱਚ ਬੇਅੰਤ ਮਾਇਆ ਤੋਂ ਇਲਾਵਾ ਪੀਜਾ, ਪੂਰੀਆਂ ਅਤੇ ਆਈਸ ਕਰਮ ਦੀ ਸੇਵਾ ਕੀਤੀ ਅਤੇ ਕਿਹਾ ਜੋ ਕੁੱਝ ਹੋਰ ਚਾਹੀਦਾ ਹੈ ਤਾਂ ਹਾਜਰ ਹਾਂ। ਛੋਟੇ ਬੱਚੇ ਬੱਚੀਆਂ ਨੇ ਭੰਗੜਾ ਅਤੇ ਡਾਨਸ ਦੇ ਜੌਹਰ ਵਿਖਾਏ । ਬੱਚਿਆਂ, ਔਰਤਾਂ ਅਤੇ ਪੁਰਸ਼ਾਂ ਦੀਆਂ ਦੌੜਾਂ, ਸਪੂਨ ਰੇਸ, ਮਿਉਜ਼ੀਕਲ ਚੇਅਰ ਰੇਸ ਦੇ ਮੁਕਾ-ਬਲੇ ਕਰਾਏ ਗਏ। ਜੇਤੂਆਂ ਨੂੰ ਟਰੌਫੀਆਂ ਦੇ ਕੇ ਸਨਮਾਨਤ ਕੀਤਾ ਗਿਆ । ਸਾਢੇ ਕੁ ਪੰਜ ਵਜੇ ਬੀਬੀਆਂ ਨੇ ਤੀਆਂ ਸ਼ੁਰੂ ਕਰ ਲਈਆਂ ।

ਜਿਸ ਵਿੱਚ ਹਰ ਉਮਰ ਦੀਆਂ ਔਰਤਾਂ ਨੇ ਖੂਬ ਨੱਚ ਕੇ ਆਪਣੇ ਵਲਵਲੇ ਪੂਰੇ ਕੀਤੇ । ਬੀਬੀ ਰੁਬੀ ਦੀਆਂ ਬੋਲੀਆਂ ਨਾਲ ਗਿੱਧੇ ਦੀ ਧਮਾਲ ਨਾਲ ਦਿਲ ਧੜਕਣ ਲਾ ਦਿਤੇ । ਵਧੀਆ ਨੱਚਣ ਵਾਲੀਆਂ ਤਿੰਨ ਨੌਜਵਾਨ ਅਤੇ ਤਿੰਨ ਸੀਨੀਅਰ ਔਰਤਾਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਗਿਧਿਆਂ ਦੀ ਰਾਣੀ ਬੀਬੀ ਰਜਨੀ ਨੂੰ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਸੱਭ ਤੋਂ ਵੱਡੀ ਉਮਰ ਦੇ ਇੱਕ ਆਦਮੀ ਅਤੇ ਇੱਕ ਔਰਤ ਨੂੰ ਕੰਬਲ ਦੇ ਕੇ ਸਨਮਾਨਿਤ ਕੀਤਾ । ਕਲੱਬ ਦੀ ਬੇਅੰਤ ਮਾਇਕ ਸਹਾਇਤਾ ਕਰਨ ਵਾਲੇ ਵਿਅੱਕਤੀਆਂ ਮਨਪੀਤ ਸਿੰਘ ਫਰਵਾਹਾ ,ਅਮਰਪ੍ਰੀਤ ਸਿੰਘ ਧੁੱਗਾ, ਰਾਜਬੀਰ ਸਿੰਘ ਪੁਰੇਵਾਲ, ਗੁਰਮੇਲ ਸਿੰਘ ਪੁਰੇਵਾਲ, ਦੋਆਬਾ ਟੂਰ ਐਂਡ ਟਰੈਵਲ, ਹਰਮਿੰਦਰ ਸਿੰਘ ਜੌਹਲ ਬੈਡ,ਬਾਥ ਐਂਡ ਡੈਕੋਰ, ਬਲਜੀਤ ਸਿੰਘ ਧਾਲੀਵਾਲ, ਬਿੱਕਰ ਸਿੰਘ, ਜੰਗੀਰ ਸਿੰਘ ਸੈਂਭੀ ਪਰਧਾਨ ਅਸੋਸੀਏਸਨ ਆਫ ਸੀਂਨੀਅਰਜ;ਕਲੱਬ ਬਰੈਂਪਟਨ ਨੂੰ ਕਲੱਬ ਵੱਲੋਂ ਪਲੈਕਸ ਦੇ ਸਨਮਾਨਿਤ ਕੀਤਾ ਗਿਆ ।

ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਖੂਬਸੂਰਤ ਕਵਿਤਾ ਪੜ੍ਹੀ । ਅਜਾਇਬ ਸਿੰਘ ਤੇਜੀ, ਕਮਲ ਬਾਜਵਾ ਨੇ ਗੀਤ ਗਾ ਕੇ ਮੇਲੇ ਦੀ ਰੌਣਕ ਵਧਾਂ ਦਿਤੀ । ਲਾਲ ਜੀ ਅਤੇ ਰੁਬੀ ਕੌਰ ਦੇ ਸੰਗੀਤ ਗਰੁਪ ਨੇ ਤਾਂ ਮੇਲੇ ਦੇ ਮਹੌਲ ਨੂੰ ਹੋਰ ਅਨੰਦਾਇਕ ਬਣਾ ਦਿਤਾ । ਲੋਕਾਂ ਗਾਉਣ ਵਾਲਿਆਂ ਨੂੰ ਖੂਬ ਪੈਸੇ ਦਿਤੇ। ਇਸ ਮੇਲੇ ਦੀ ਕਾਮਯਾਬੀ ਲਈ ਕਲੱਬ ਦੇ ਹਰ ਮੈਂਬਰ ਦਾ ਯੋਗਦਾਨ ਰਿਹਾ ਪਰ ਕਮੇਟੀ ਮੈਂਬਰਾਂ ਅਵਤਾਰ ਸਿੰਘ ਪੁਰੇਵਾਲ, ਜਸਵਿੰਦਰ ਸਿੰਘ ਰੱਖੜਾ,




ਸੁਖਦੇਵ ਸਿੰਘ ਮਾਨ, ਕੁਲਵੰਤ ਸਿੰਘ ਜੰਜੂਆ, ਜਗਤਾਰ ਸਿੰਘ ਮੋਰਾਂ ਵਾਲੀ, ਸਿੰਦਰਪਾਲ ਸਿੰਘ ਸੰਧੂ, ਮਹਿੰਦਰ ਸਿੰਘ ਧੁੱਗਾ, ਸੁਖਦੇਵ ਸਿੰਘ ਮੂਕਰ, ਨਿਰਮਲ ਸਿੰਘ ਖੰਘੂੜਾਂ, ਰਣਜੀਤ ਸਿੰਘ ਜੌਹਲ, ਜਸਵੰਤ ਸਿੰਘ ਕੋਕਰੀ, ਬੀਬੀ ਨਵਜੋਤ ਕੌਰ , ਬੀਬੀ ਸਰਬਜੀਤ ਕੌਰ ਦੇ ਪ੍ਰਬੰਧ ਅਤੇ ਭੱਜ ਨੱਠ ਦੀ ਸ਼ਲਾਘਾ ਹਰ ਪਾਸੇ ਹੋਈ। ਜਿੰਨਾਂ ਭੋਜਨ ਵਰਤਾਉਣ ਵਾਲੇ ਮੈਂਬਰਾਂ ਦਰਸ਼ਨ ਸਿੰਘ ਧਾਲੀਵਾਲ, ਸ਼ਿੰਗਾਰਾ ਸਿੰਘ,ਹਰਭਜਨ ਸਿੰਘ, ਦਵਿੰਦਰ ਸੇਠੀ, ਦਰਸ਼ਨ ਬਰਨਾਲਾ ਕੁਲਦੀਪ ਸਮਰਾ , ਮੱਖਣ ਰੁੜਕਾ ਆਦਿ ਨੇ ਸਾਰਾ ਦਿਨ ਖੂਬ ਡਿਉਟੀ ਨਿਭਾਈ ਸਾੱਢੇ ਸੱਤ ਤੱਕ ਖੂਬ ਰੌਣਕਾਂ



ਲੱਗੀਆਂ ਲੋਕ ਖੁਸ਼ੀ ਖੁਸ਼ੀ ਮੇਲੇ ਦੀਆਂ ਗੱਲਾਂ ਕਰਦੇ ਘਰਾਂ ਨੂੰ ਪਰਤ ਗਏ । ਅੰਤ ਵਿੱਚ ਸਮੁੱਚੀ ਕਲੱਬ ਵੱਲੋਂ ਸਟੇਜ ਸੈਕਟਰੀ ਹਰਚੰਦ ਸਿੰਘ ਬਾਸੀ ਨੇ ਆਏ ਸਾਰੇ ਮਹਿਮਾਨਾਦਾ ਸਮੁੱਚੀ ਕਾਰਜਕਰਨੀ ਵੱਲੋਂ ਧੰਨਵਾਦ ਕੀਤਾ ।


PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA

416-669-1423
www.purbahomes.com

# ਕਲਮ ਦੀ ਮੈਰਾਥਨ ਦਾ ਦੌੜਾਕ ਪ੍ਰਿੰ. ਸਰਵਣ ਸਿੰਘ

ਪੂਰਨ ਸਿੰਘ ਪਾਂਧੀ

ਪ੍ਰਿੰ. ਸਰਵਣ ਸਿੰਘ ਪੰਜਾਬੀ ਖੇਡ-ਸਾਹਿਤ ਦਾ ਮੋਢੀ ਲੇਖਕ ਹੈ। ਕੋਈ ਉਸ ਨੂੰ ਪੰਜਾਬੀ ਖੇਡ ਪੱਤਰਕਾਰੀ ਦਾ ਕੌਮਾਂਤਰੀ ਪੱਤਰਕਾਰ ਕਹਿੰਦਾ ਹੈ ਤੇ ਕੋਈ ਖੇਡ ਸਾਹਿਤ ਦਾ ਬਾਬਾ ਬੋਹੜ।ਜਸਵੰਤ ਸਿੰਘ ਕੰਵਲ ਨੇ ਉਸ ਨੂੰ 'ਖੇਡਾਂ ਦਾ ਵਣਜਾਰਾ'ਕਹਿੰਦਿਆਂ ਲਿਖਿਆ ਸੀ: ਬੁਨਿਆਦੀ ਪੱਖੋਂ ਉਸ ਨੇ ਖੇਡ ਸਾਹਿਤ ਦਾ ਪਿੜ ਬੰਨ੍ਹ ਦਿੱਤਾ ਹੈ। ਖਿਡਾਰੀਆਂ ਦੇ ਉਤਸ਼ਾਹ ਨੂੰ ਜ਼ਰਬਾਂ ਦਿੱਤੀਆਂ ਹਨ। ਨਵੇਂ ਪੋਚ ਦੇ ਲਹੂ ਵਿੱਚ ਅੰਗੜਾਈਆਂ ਛੇੜੀਆਂ ਹਨ ਅਤੇ ਸੈਂਕੜੇ ਹਜ਼ਾਰਾਂ ਪਾਠਕਾਂ ਨੂੰ ਖੇਡਾਂ ਵੱਲ ਮੋੜਿਆ ਹੈ।ਡਾ. ਹਰਿਭਜਨ ਸਿੰਘ ਨੇ ਲਿਖਿਆ: ਸਰਵਣ ਸਿੰਘ 'ਸ਼ਬਦਾਂ ਦਾ ਓਲੰਪੀਅਨ' ਹੈ। ਵੇਖਣ ਨੂੰ ਉਹਦੀ ਲਿਖਤ ਸਿਧੀ ਸਾਦੀ ਜਾਪਦੀ ਹੈ, ਪਰ ਉਹਦੀ ਸ਼ਬਦ-ਘਾੜਤ ਪਿੱਛੇ ਬੜੀ ਕਰੜੀ ਘਾਲਣਾ ਦਾ ਝਾਉਲਾ ਪੈਂਦਾ ਹੈ। ਹਰ ਵਾਕ ਤਿੱਖੀ ਝੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫ਼ਾਰਮ ਨਾਲ ਹੀ ਚਕਾਚੌਂਧ ਕਰ ਦੇਂਦੀ ਹੈ!

ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਪੁਸਤਕ ਵਿੱਚ ਲਿਖਿਆ: ਸਰਵਣ ਸਿੰਘ ਦੀਆਂ ਲਿਖਤਾਂ ਵਿੱਚ ਵੱਖਰਾ ਹੀ ਜਨੂੰਨ ਹੈ। ਪਾਠਕ ਉਸ ਦੀਆਂ ਰਚਨਾਵਾਂ ਦੀ ਟਿਕ-ਟਿਕੀ ਲਾ ਕੇ ਉਡੀਕ ਕਰਦੇ ਹਨ। ਉਸ ਦੀਆਂ ਰਚਨਾਵਾਂ ਨੇ ਪਾਠਕਾਂ ਅੰਦਰਲਾ ਖਿਡਾਰੀ ਜੋ ਅਲੋਪ ਹੋ ਚੁੱਕਾ ਸੀ ਉਸ ਨੂੰ ਮੁੜ ਕੇ ਸੁਰਜੀਤ ਕਰ ਦਿੱਤਾ ਹੈ। ਸਰਵਣ ਸਿੰਘ ਦੀਆਂ 'ਆਰਸੀ' ਵਿਚ ਛਪ ਰਹੀਆਂ ਪਹਿਲੀਆਂ ਰਚਨਾਵਾਂ ਹੀ ਮਾਊਂਟ ਐਵਰੈਸਟੀ ਬੁਲੰਦੀ ਤੋਂ ਬੋਲਦੀਆਂ ਸਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਸੀ। ਕਵੀ ਗੁਰ-ਚਰਨ ਰਾਮਪੁਰੀ ਨੇ ਉਹਦਾ 'ਤੁਰੋ ਤੇ ਤੰਦਰੁਸਤ ਰਹੋ' ਲੇਖ ਪੜ੍ਹ ਕੇ ਚਿੱਠੀ ਲਿਖੀ: ਅਜਿਹੀ ਸੋਹਣੀ ਵਾਰਤਕ ਪੜ੍ਹ ਕੇ ਪੰਜਾਬੀ ਬੋਲੀ ਦੀ ਸਮਰੱਥਾ ਉਤੇ ਮੇਰਾ ਭਰੋਸਾ ਹੋਰ ਪੱਕਾ ਹੋ ਗਿਆ। ਤੁਹਾਡੀ ਵਾਰਤਕ ਅਜਿਹੀ ਸੰਜਮ ਭਰੀ ਹੁੰਦੀ ਹੈ ਕਿ ਤੁਹਾਡੇ ਉਤੇ ਰਸ਼ਕ ਆਉਂਦਾ ਹੈ। ਨਾਟਕਕਾਰ ਆਤਮਜੀਤ ਦੇ ਲਿਖਣ ਅਨੁਸਾਰ: ਸਰਵਣ ਸਿੰਘ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਪੜ੍ਹਨ ਤੋਂ ਬਾਅਦ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਉਹ ਪੰਜਾਬੀ ਵਿੱਚ ਸਰਵੋਤਮ ਵਾਰਤਕ ਰਚ ਰਹੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੇਖਕਾਂ ਵਿੱਚੋਂ ਇੱਕ ਹੈ।

ਕੋਈ ਕਲਮਕਾਰ ਉਸ ਨੂੰ ਪੰਜਾਬੀ ਦਾ ਇੰਟਰਨੈਸ਼ਨਲ ਖੇਡ ਲੇਖਕ ਕਹਿੰਦਾ ਹੈ, ਕੋਈ ਪੰਜਾਬੀ ਖੇਡ ਸਭਿਆਚਾਰ ਦਾ ਖੇਡ ਰਤਨ ਤੇ ਕੋਈ ਗਿਆਨੀ ਗੁਰਦਿੱਤ ਸਿੰਘ ਵਰਗਾ ਪੇਂਡੂ ਰਹਿਤਲ ਦਾ ਦਿਲਚਸਪ ਲੇਖਕ। ਵਰਿਆਮ ਸਿੰਘ ਸੰਧੂ ਨੇਇਹ ਵੀ ਲਿਖਿਆ: ਪਿਛਲੇ ਪੰਜਾਹ-ਸੱਠਾਂ ਸਾਲਾਂ ਵਿੱਚ ਪੰਜਾਬ ਦਾ ਪਿੰਡ ਕਿਵੇਂ ਜੀਵਿਆ, ਵਿਚਰਿਆ ਤੇ ਬਦਲਿਆ, ਇਸ ਦੀ ਸਭ ਤੋਂ ਵੱਡੀ ਯਾਦ-ਜੋਗ ਝਾਕੀ ਸਰਵਣ ਸਿੰਘ ਦੀਆਂ ਲਿਖਤਾਂ ਵਿਚੋਂ ਹੀ ਮਿਲੇਗੀ। ਇਹਨਾਂ ਲਿਖਤਾਂ ਵਿੱਚ ਬਦਲ ਰਹੇ ਪੰਜਾਬ ਦੀ ਆਤਮਾ ਦੇ ਬਹੁਰੰਗੇ ਝਲਕਾਰੇ ਦ੍ਰਿਸ਼ਟਮਾਨ ਹੁੰਦੇ ਹਨ। ਉਸ ਨੇ ਗਿਆਨੀ ਗੁਰਦਿੱਤ ਸਿੰਘ ਦੇ ਬੁਲੰਦ ਝੰਡੇ ਦੇ ਨਾਲ ਆਪਣਾ ਝੰਡਾ ਵੀ ਬਰਾਬਰ ਗੱਡ ਦਿੱਤਾ ਹੈ। ਜੇ ਇਹ ਝੰਡਾ ਗਿਆਨੀ ਹੁਰਾਂ ਦੇ ਝੰਡੇ ਤੋਂ ਉੱਚਾ ਨਹੀਂ ਤਾਂ ਨੀਵਾਂ ਤਾਂ ਕਿਸੇ ਸੂਰਤ ਵਿਚ ਵੀ ਨਹੀਂ।

ਗੁਰਬਚਨ ਸਿੰਘ ਭੁੱਲਰ ਨੇ ਲਿਖਿਆ: ਯੂਨੀਵਰਸਿਟੀਆਂ ਬੇਸ਼ਕ ਅੱਖਾਂ ਬੰਦ ਕਰੀ ਰੱਖਣ, ਜਿਥੋਂ ਤੱਕ ਪੰਜਾਬੀ ਖੇਡ-ਸਾਹਿਤ ਨੂੰ ਪਿਆਰ ਕਰਨ ਵਾਲਿਆਂ ਦਾ ਤੇ ਉਸ ਵਿੱਚ ਪਾਏ ਸਰਵਣ ਸਿੰਘ ਦੇ ਹਿੱਸੇ ਦੇ ਕਦਰਦਾਨਾਂ ਦਾ ਸੰਬੰਧ ਹੈ, ਉਹ ਪੰਜਾਬੀ ਖੇਡ-ਸਾਹਿਤ ਦਾ ਪੀਐੱਚ.ਡਾਕਟਰ ਹੀ ਨਹੀਂ, ਡੀ.ਲਿਟ ਹੈ!ਸਗੋਂ ਮੇਰੀ ਚਾਹ ਅਤੇ ਕਲਪਨਾ ਤਾਂ ਇਸ ਤੋਂ ਵੀ ਅੱਗੇ ਜਾਂਦੀ ਹੈ। ਪੰਜਾਬ ਦੀ ਕੋਈ ਦੂਰਦਰਸ਼ੀ ਸਰਕਾਰ ਹੋਵੇ ਤੇ ਖੇਡ-ਯੂਨੀਵਰਸਿਟੀ ਕਾਇਮ ਕਰ ਕੇ ਸਾਰੀਆਂ ਖੇਡਾਂ ਦੇ ਕਣ-ਕਣ ਦੇ ਗਿਆਤਾ ਸਰਵਣ ਸਿੰਘ ਨੂੰ ਉਹਦਾ ਵਾਈਸ-ਚਾਂਸਲਰ ਬਣਾਵੇ। ਸਰਕਾਰ ਬਣਾਵੇ, ਨਾ ਬਣਾਵੇ, ਸਰਵਣ ਸਿੰਘ ਖੇਡ-ਸਾਹਿਤ ਦੇ ਵਿਕਾਸ ਦਾ ਨਿਰਵਿਵਾਦ ਵਾਈਸ-ਚਾਂਸਲਰ ਹੈ।

ਸੱਠ-ਪੈਂਟ੍ਹਸਾਲਾਂਤੋਂ ਉਸ ਦੀ ਕਲਮ ਲਗਾਤਾਰ ਚੱਲ ਰਹੀ ਹੈ। ਪੱਚੀ ਛੱਬੀ ਕਿਤਾਬਾਂ ਤਾਂ ਉਸ ਨੇ ਖੇਡਾਂ ਖਿਡਾਰੀਆਂ ਬਾਰੇ ਹੀ ਲਿਖ ਧਰੀਆਂ ਹਨ ਤੇ ਪੱਚੀ ਤੀਹ ਹੋਰਨਾਂ ਸਾਹਿਤ ਵਿਧਾਵਾਂ ਵਿਚ ਲਿਖੀਆਂ ਹਨ। ਨਾਵਲ ਤੇ ਨਾਟਕ ਤੋਂ ਬਿਨਾਂ ਸ਼ਾਇਦ ਹੀ ਕੋਈ ਸਾਹਿਤ ਦਾ ਰੂਪ ਹੋਵੇ ਜਿਸ ਵਿਚ ਉਸ ਨੇ ਨਾ ਲਿਖਿਆ ਹੋਵੇ। ਨਾਲੇ ਅਜੇ ਕਿਹੜਾ ਬੱਸ ਹੈ! ਅੱਜਕੱਲ੍ਹ ਬਾਬਾ ਫੌਜਾ ਸਿੰਘ ਦੀ ਜੀਵਨੀ ਲਿਖ ਰਿਹੈ ਤੇ ਨਾਲ ਹੀ ਦੋਹਾਂ ਦਾਰਿਆਂ ਦੀ ਦਾਸਤਾਨ। ਉਹਦੀ ਕਲਮ ਦੀ ਮੈਰਾਥਨ ਅਜੇ ਜਾਰੀ ਹੈ। ਵੇਖਦੇ ਹਾਂ ਕਦੋਂ ਬੱਸ ਕਰਦੈ?

ਉਸ ਨੇ ਨਾਮੀ ਖਿਡਾਰੀਆਂ ਦੀ ਲਗਨ, ਮਿਹਨਤ, ਸਿਦਕ ਤੇ ਸਿਰੜ,ਉਨ੍ਹਾਂ ਦੀ ਖਾਧ-ਖੁਰਾਕਤੇ ਉਨ੍ਹਾਂ ਦੀਆਂ ਖੇਡਾਂ ਨੂੰ ਬਹੁਤ ਬਰੀਕੀ ਨਾਲ਼ ਦੇਖਿਆ ਤੇ ਆਪਣੀ ਵਿਲੱਖਣਲਿਖਣ-ਸ਼ੈਲੀ 'ਚ ਉਨ੍ਹਾਂ ਦਾ ਵਰਨਣ ਕੀਤਾ ਹੈ। ਕੇਵਲ ਅਜੋਕੇ ਸਮੇ ਦੀਆਂ ਖੇਡਾਂ ਬਾਰੇ ਹੀ ਨਹੀਂ; ਸਗੋਂ ਬਹੁਤ ਸਾਰੀਆਂ ਅਲੋਪ ਹੋ ਰਹੀਆਂ ਖੇਡਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਕਲਮ ਦੀ ਰਫਤਾਰ ਅਜੇ ਵੀ ਮੈਰਾਥਨ ਦੀ ਚਾਲ ਚੱਲ ਰਹੀ ਹੈ। ਹਰ ਸਾਲ ਇੱਕ ਦੋ ਕਿਤਾਬਾਂ ਛਪੀ ਜਾ ਰਹੀਆਂ ਹਨ।

ਸਰਵਣ ਸਿੰਘ ਦਾ ਜਨਮ ਸ. ਬਾਬੂ ਸਿੰਘਸੰਧੂ ਦੇ ਘਰ ਮਾਤਾ ਕਰਤਾਰ ਕੌਰ ਦੀ ਕੁਖੋਂ 8 ਜੁਲਾਈ 1940 ਨੂੰ ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ।ਮੁੱਢਲੀ ਪੜ੍ਹਾਈ ਚਕਰ, ਹਾਈ ਮੱਲ੍ਹਾ, ਕਾਲਜ ਦੀ ਫਾਜ਼ਿਲਕਾ, ਬੀ.ਐੱਡ ਮੁਕਤਸਰ ਤੇ ਐਮ.ਏ. ਦੀ ਦਿੱਲੀ ਯੂਨੀਵਰਸਿਟੀ ਤੋਂ ਕਰ ਕੇ1965 'ਚ ਦਿੱਲੀ ਦੇ ਖਾਲਸਾ ਕਾਲਜ ਵਿੱਚ ਲੈਕਚਰਾਰ ਲੱਗ ਗਿਆ ਸੀ। 1967 ਵਿੱਚ ਢੁੱਡੀਕੇ ਕਾਲਜ ਬਣਿਆ ਤਾਂ ਜਸਵੰਤ ਸਿੰਘ ਕੰਵਲ ਨੇ ਦਿੱਲੀ ਤੋਂ ਪੁੱਟ ਕੇ ਢੁੱਡੀਕੇ ਲੈ ਆਂਦਾ। ਤੀਹ ਸਾਲ ਢੁੱਡੀਕੇ ਕਾਲਜ ਵਿਚ ਪੇਂਡੂ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਖਿਡਾਇਆ। ਪੜ੍ਹਾਈ ਨਾਲ ਖੇਡਾਂ ਵਿਚ ਵੀ ਯੂਨੀਵਰਸਿਟੀ ਦੀਆਂ ਟਰਾਫੀਆਂਜਿੱਤੀਆਂ ਜਿਸ ਨਾਲ ਢੁੱਡੀਕੇ ਕਾਲਜ ਦੀ ਬੱਲੇ-ਬੱਲੇ ਹੋਈ।

1996 ਤੋਂ 2000 ਤਕ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣ ਕੇ ਖੇਡ ਟਰਾਫੀਆਂ ਉਸ ਕਾਲਜ ਨੂੰਵੀ ਜਿੱਤਵਾਈਆਂ ਤੇ ਪੇਂਡੂ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਸਵਾ ਤਿੰਨ ਸੌ ਤੋਂ ਸਾਢੇ ਗਿਆਰਾਂ ਸੌ ਤਕ ਪੁਚਾਈ। ਉਹ ਕਾਲਜ ਸ. ਗੁਰਚਰਨ ਸਿੰਘ ਸ਼ੇਰਗਿੱਲ ਨੇ ਆਪਣੇ ਇਕਲੌਤੇ ਪੁੱਤਰ ਅਮਰਦੀਪ ਦੀ ਯਾਦ ਵਿਚ ਸਥਾਪਿਤ ਕੀਤਾ ਸੀ। ਡਾ. ਸਰਦਾਰਾ ਸਿੰਘ ਜੌਹਲ ਜੋ ਮੁਕੰਦਪੁਰ ਵਿਆਹੇ ਸਨ, ਉਨ੍ਹਾਂ ਨੂੰ ਉਮਰ ਭਰ ਲਈ ਕਾਲਜ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਸੀ।ਜੌਹਲ ਸਾਹਿਬ ਹੀਕੰਵਲ ਸਾਹਿਬ ਦੀ ਸਲਾਹ ਨਾਲ ਪ੍ਰੋ. ਸਰਵਣ ਸਿੰਘ ਨੂੰ ਢੁੱਡੀਕੇ ਦੇ ਪੇਂਡੂ ਕਾਲਜ ਤੋਂ ਮੁਕੰਦਪੁਰ ਦੇ ਪੇਂਡੂ ਕਾਲਜ ਵਿਚ ਲੈ ਗਏ ਸਨ। ਮੈ ਆਪਣੀ ਕਿਤਾਬ 'ਮੇਰੇ ਸਜਣ ਮੀਤ ਮੁਰਾਰੇ ਜੀਓ'ਵਿੱਚ ਇਨ੍ਹਾਂ ਦੇ ਸ਼ਬਦ



ਚਿੱਤਰ ਦਾ ਸਿਰਲੇਖ ਦਿੱਤਾ ਸੀ: 'ਸੁਰੀਲੀਆਂ ਸੁਰਾਂ ਦਾ ਸੰਗੀਤ ਸਰਵਣ ਸਿੰਘ'। ਕਾਵਿਕ ਸੰਸਾਰ ਅਨੁਸਾਰ ਜੇ ਕਿਸੇ ਵਾਕ ਜਾਂ ਸਤਰ ਵਿਚ,ਇੱਕ ਤੋਂ ਵਧੇਰੇ ਅੱਖਰ ਜਾਂ ਸ਼ਬਦ ਬਾਰ ਬਾਰ ਆਉਣ ਅਤੇ ਲੈਅ ਪੈਦਾ ਕਰਨ ਉਸ ਅਲੰਕਾਰ ਨੂੰ ਅਨੁਪ੍ਰਾਸ ਅਲੰਕਾਰ ਆਖਿਆ ਜਾਂਦੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਅਲੰਕਾਰ ਦੀਆਂ ਬਹੁਤ ਖੂਬਸੂਰਤ ਮਿਸਾਲਾਂ ਹਨ।

ਪ੍ਰਿੰ.ਸਰਵਣ ਸਿੰਘ ਦੀ ਵਾਰਤਕ-ਸ਼ੈਲੀ ਕਿਸੇ ਹੋਰ ਦੀ ਨਕਲ ਨਹੀਂ, ਉਸ ਨੇ ਕਿਸੇ ਦੀ ਵੱਟ 'ਤੇ ਖਲੋਅ ਕੇ ਹਾਕਾਂ ਨਹੀਂ ਮਾਰੀਆਂ, ਆਪਣੇ ਆਪ ਸਿੱਧੇ ਬਨੇਰਿਆਂ ਨੂੰ ਹੱਥ ਪਾਏ ਹਨ ਅਤੇ ਮਮਟੀਆਂ 'ਤੇ ਚੜ੍ਹ ਕੇ ਆਪਣੀ ਚਮਕ ਬਿਖੇਰੀ ਹੈ। ਆਪਣੇ ਨਗਮੇ ਦੀ ਸਰਗਮ ਉਸ ਨੇ ਆਪ ਤਿਆਰ ਕੀਤੀ ਹੈ। ਇਹ ਉਸ ਦਾ ਮੌਲਕ ਨਗਮਾ ਹੈ। ਉਸ ਦੀ ਵਾਰਤਕ ਨਾਲ਼ ਖੇਡਾਂ ਬਾਰੇ ਇੱਕ ਨਵੀਂ ਤੇ ਨਿਵੇਕਲੀ ਖੇਡ-ਸ਼ੈਲੀ ਹੋਂਦ ਵਿਚ ਆਈ ਹੈ। ਖੇਡ ਖੇਤਰ ਵਿਚ ਸਾਦੇ ਤੇ ਸੌਖੇ ਸ਼ਬਦਅਤੇ ਚੁਸਤ ਛੋਟੀ ਵਾਕ ਬਣਤਰ ਦਾ ਹੋਣਾ ਜ਼ਰੂਰੀ ਹੈ। ਇਸੇ ਗੁਣ ਕਰ ਕੇਉਸ ਦੀ ਵਾਰਤਕ ਲੰਮੇ, ਭਾਰੇ ਤੇ ਔਖੇ ਫਿਕਰਿਆਂ ਦਾ ਜਾਲ਼ ਜੰਜਾਲ ਨਹੀਂ। ਉਹ ਵਿਸ਼ੇਸ਼ਣਾਂ, ਕਿਰਿ-ਰਆ ਵਿਸ਼ੇਸ਼ਣਾ ਦੀ ਸੁਰਖੀ ਬਿੰਦੀ ਨਹੀਂ ਲਾਉਂਦਾ, ਅਲੰਕਾਰਾਂ, ਕੁਟੇਸ਼ਨਾਂਜਾਂ ਕਾਵਿ-ਟੋਟਿਆਂ ਨਾਲ਼ ਵਾਰਤਕ ਦਾ ਹਾਰ ਸ਼ਿੰਗਾਰ ਨਹੀਂ ਕਰਦਾ।

ਉਹਦੀ ਵਾਰਤਕ ਸਹਿਜ ਸੁਭਾਅ ਤੇ ਸਿੱਧੀਆਂ ਸਪੱਸ਼ਟ ਗੱਲਾਂ ਹੁੰਦੀਆਂ ਹਨ। ਫਿਰ ਵੀ ਉਸ ਦੀ ਵਾਰਤਕ-ਸ਼ੈਲੀ ਵਿਚ ਪੇਂਡੂ ਮੁਟਿਆਰ ਦੀ ਸਾਦਗੀ ਵਰਗਾ ਲੋਹੜਿਆਂ ਦਾ ਹੁਸਨ ਤੇ ਅੰਤਾਂ ਦੀ ਖੂਬਸੂਰਤੀ ਹੁੰਦੀ ਹੈ। ਵਾਕ-ਬਣਤਰ ਵਿਚ ਇਨ੍ਹਾਂ ਤੇਜ਼ ਤੇ ਤਿੱਖਾਪ੍ਰਭਾਵ ਹੁੰਦਾ ਹੈ ਅਤੇ ਬਿਆਨ ਵਿਚ ਇੰਨਾ ਵੇਗ ਤੇ ਵਹਾਅ ਹੁੰਦਾ ਹੈ ਕਿ ਨਗਮੇ ਦੀ ਧੁਨ ਵਾਂਗ ਹਰ ਵਾਕ ਵਿਚ,ਇੱਕ ਇੱਕ ਸ਼ਬਦ ਤਾਲ ਦਿੰਦਾਤੇ ਅੱਖਰ ਨਿਰਤ ਕਰਦੇ ਜਾਪਦੇ ਹਨ। ਦ੍ਰਿਸ਼ ਵਰਨਣ ਇੰਨਾ ਤੀਬਰ ਤੇ ਰੌਚਕ ਹੁੰਦਾ ਹੈ ਕਿ ਪਾਠਕ ਪੱਬਾਂ ਭਾਰ ਹੁੰਦਾ,ਖਿਡਾਰੀ ਦੇ ਸਾਹਾਂ ਨਾਲ ਸਾਹੋ ਸਾਹ ਹੋਇਆ ਮਹਿਸੂਸ ਕਰਦਾ ਹੈ।ਉਹਦੀ ਵਾਰਤਕ ਦੀ ਫਲਸਫਾਨਾ ਵੰਨਗੀ ਵੀ ਵੇਖੋ:ਸ੍ਰਿਸ਼ਟੀ ਅਲੌਕਿਕ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਸ ਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇਗੇੜ ਮੈਚਾਂ ਦਾ ਸਮਾਂ ਹਨ।ਜੀਵਨ ਇੱਕ ਖੇਡ ਹੀਤਾਂ ਹੈ। ਜੀਵ ਆਉਂਦੇ ਹਨ ਤੇ ਤੁਰੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ ਉਹ ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ: ਬਾਜੀਗਰ ਡੰਕ ਬਜਾਈ।ਸਭ ਖਲਕ ਤਮਾਸ਼ੇ ਆਈ।

ਪ੍ਰਿੰ. ਸਰਵਣ ਸਿੰਘ ਦੀ ਲਿਖਣ-ਸ਼ੈਲੀ ਹੋਵੇ, ਬੋਲਣ-ਸ਼ੈਲੀ ਜਾਂ ਉਸ ਦੀ ਸਮੁੱਚੀ ਜੀਵਨ-ਸ਼ੈਲੀ; ਉਸ ਨੂੰ ਜਿਸ ਕੋਨ ਤੋਂ ਮਰਜੀ ਦੇਖ ਲਵੋ, ਜਿੱਥੋਂ ਮਰਜੀ ਫਰੋਲ਼ ਲਵੋ; ਹਰ ਥਾਂ ਸਹਿਜ ਤੇ ਸੁਰੀਲੀਆਂ ਸੁਰਾਂ ਦਾ ਸੰਗੀਤ ਸੁਣਾਈ ਦੇਵੇਗਾ। ਗੱਲ ਕਰੇਗਾ ਠਰੰਮੇ ਤੇ ਧੀਮੇ ਅੰਦਾਜ਼ ਵਿਚ, ਜਿਵੇਂ ਮੰਦਰ ਸਪਤਕ ਦੀਆਂ ਸੁਰਾਂ ਵਿਚ ਸਹਿਗਲ ਗੀਤ ਗਾ ਰਿਹਾ ਹੋਵੇ। ਚੋਣਵੇਂ ਸ਼ਬਦ, ਢੁਕਵੇਂ ਬੋਲਤੇ ਉਚਾਰਣ ਵਿਚ ਕਿਸੇ ਮੁਟਿਆਰ ਦੀ ਫੁਲਕਾਰੀਦੇ ਉੱਭਰਦੇ ਰੰਗਾਂ ਵਰਗਾ ਹੁਸਨ। ਸਾਦਾ ਰਹਿਣ ਸਹਿਣ, ਸਾਦਾ ਪਹਿਨਣ-ਪੱਚਰਣ ਤੇ ਸਾਦਾ ਖਾਣ-ਪੀਣ। ਕਿਸੇ ਥਾਂ ਉਚੇਚ ਜਾਂ ਬਨਾਵਟ ਨਹੀਂ, ਕੋਈ ਓਪਰਾਪਣ ਜਾਂ ਦਿਖਾਵਾ ਨਹੀਂ। ਨਿੰਦਾ, ਚੁਗਲੀ ਜਾਂ ਈਰਖਾ ਕਰਨੀ ਉਹਦੇ ਖ਼ਮੀਰ ਵਿਚ ਹੀ ਨਹੀਂ।ਬੁਰਾ ਕਰਨਾ ਜਾਂ ਬੇਵਫ਼ਾਈ ਕਰਨੀ ਉਸ ਦੀ ਜ਼ਮੀਰ ਵਿਚ ਨਹੀਂ। ਉੱਚੀ ਬੋਲ ਕੇ ਜਾਂ ਧੱਕੇ ਨਾਲ਼ ਗੱਲ ਕਰਨ ਦਾ ਉਸ ਦਾ ਸੁਭਾਅ ਨਹੀਂ, ਕਿਸੇ ਦੀ ਗੱਲ ਰੋਕਣ-ਟੋਕਣ ਦੀਵੀ ਉਸ ਦੀ ਆਦਤ ਨਹੀਂ। ਗੱਲ ਸੁਣੇਗਾ ਧੀਰਜ ਤੇ ਠਰੰਮੇ ਨਾਲ਼, ਉੱਤਰ ਦੇਵੇਗਾ ਦਲੀਲ ਤੇ ਵਿਸਥਾਰ ਨਾਲ਼।ਦਲੀਲ ਨੂੰ ਜ਼ੋਰ ਨਾਲ਼ ਪ੍ਰਗਟਾਉਣ ਦੀ ਥਾਂ ਜੋਰਦਾਰ ਦਲੀਲ ਨੂੰ ਧੀਰਜ ਤੇ ਸਹਿਜ ਨਾਲ਼ ਪ੍ਰਗਟਾਉਣ ਗੁਰ ਸਰਵਣ ਸਿੰਘ ਦੀ ਬੋਲ ਚਾਲ 'ਚੋਂ ਵੇਖਿਆ ਜਾ ਸਕਦਾ ਹੈ। ਪ੍ਰਿੰ. ਸਰਵਣ ਸਿੰਘ ਨੂੰ ਅਨੇਕਾਂ ਮਾਨ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਜਿਵੇਂਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਲੇਖਕ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਪੰਜਾਬੀ ਸੱਥ ਲਾਂਬੜਾਂ ਦਾ ਵਾਰਸਸ਼ਾਹ ਅਵਾਰਡ, ਸਾਹਿਤ ਟ੍ਰਸਟ ਢੁੱਡੀਕੇ ਦਾ ਅਵਾਰਡ, ਸਪੋਰਟਸ ਅਥਾਰਟੀ ਆਫ ਇੰਡੀਆਂ ਵੱਲੋਂ ਖੇਡ-ਸਾਹਿਤ ਦਾ ਨੈਸ਼ਨਲ ਅਵਾਰਡ, ਪਰਵਾਸੀ ਅਦਾਰੇ ਦਾ ਪਰਵਾਸੀ ਸਾਹਿਤਕਾਰ ਅਵਾਰਡ, ਗਲੋਬਲ ਪੰਜਾਬੀ ਗੌਰਵ ਅਵਾਰਡ। ਇਨ੍ਹਾਂ ਤੋਂ ਇਲਾਵਾ ਸਾਹਿਤ ਸਭਾਵਾਂ ਤੇ ਖੇਡ ਮੇਲਿਆਂ ਦੇ ਅਨੇਕਾਂ ਮਾਨ ਸਨਮਾਲ ਮਿਲੇ ਹਨ।

ਪ੍ਰਿੰਸੀਪਲ ਸਰਵਣ ਸਿੰਘ ਨੂੰ ਹੁਣ 'ਕਲਮਾਂ ਦੀ ਸਾਂਝ ਸਾਹਿਤ ਸਭਾ'ਦੇ ਸੁਘੜ ਸੁਜਾਨ ਪ੍ਰਧਾਨ ਸ. ਹਰਦਿਆਲ ਸਿੰਘ ਝੀਤਾ ਅਤੇ ਨਾਮਧਾਰੀ ਸਭਾ ਦੇ ਉੱਦਮੀ ਤੇ ਉਤਸ਼ਾਹੀ ਪ੍ਰਧਾਨ ਸ. ਕਰਨੈਲ ਸਿੰਘ ਮਰਵਾਹਾ ਹੋਰਾਂ ਵੱਲੋਂ ਤੀਸਰਾ 'ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ'ਦਿੱਤਾ ਜਾ ਰਿਹੈ। ਸਮਾਗਮ 14 ਸਤੰਬਰ ਐਤਵਾਰਨੂੰ 11-00 ਵਜੇ, ਪੰਜਾਬ ਭਵਨ ਬਰੈਂਪਟਨ, 114 ਕਨੇਡੀ ਰੋਡ ਵਿਖੇ ਹੋਵੇਗਾ। ਸਾਹਿਤ ਪ੍ਰੇਮੀਆਂ, ਖਿਡਾਰੀਆਂ ਤੇ ਪ੍ਰਿੰ. ਸਰਵਣ ਸਿੰਘ ਦੇ ਸ਼ੁਭਚਿੰਤਕਾਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ।

ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟਅਵਾਰਡ ਪ੍ਰਿੰਸੀਪਲ ਸਰਵਣ ਸਿੰਘ ਖੇਡ ਜਗਤ ਦੀ ਨਾਮਵਰ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਉਨ੍ਹਾਂ ਦੀਆਂ ਪਚਵੰਜਾ ਪੁਸਤਕਾਂ ਵਿੱਚੋਂ ਪੱਚੀ ਪੁਸਤਕਾਂ ਖੇਡਾਂ ਤੇ ਖਿਡਾਰੀਆਂ ਬਾਰੇ ਹੀ ਹਨ। ਉਹ ਖ਼ੁਦ ਖਿਡਾਰੀ, ਕੋਚ, ਰੈਫਰੀ, ਖੇਡ ਪ੍ਰਬੰਧਕ, ਖੇਡ ਪ੍ਰਮੋਟਰ, ਖੇਡ ਬੁਲਾਰੇ, ਖੇਡ ਪੱਤਰਕਾਰ, ਸ਼੍ਰੋਮਣੀ ਪੰਜਾਬੀ ਲੇਖਕ, ਪੰਜਾਬੀ ਦੇ ਪ੍ਰੋਫੈਸਰ, ਅਮਰਦੀਪ ਕਾਲਜ ਮੁਕੰਦਪੁਰ ਦੇ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟਰ, ਸਿੰਡਕ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ ਵਿਸ਼ਵ ਕਬੱਡੀ ਕੱਪ ਪੰਜਾਬ ਵਿੱਚ ਅਹਿਮ ਰੋਲ ਨਿਭਾਇਆ ਅਤੇ ਖਿਡਾਰੀਆਂ ਤੇ ਖੇਡ ਪ੍ਰਮੋਟਰਾਂ ਦੇ ਕਦਰਦਾਨ ਹਨ। ਉਨ੍ਹਾਂ ਨੇ ਦੇਸ਼ ਵਿਦੇਸ਼ ਦੇ ਸੈਂਕੜੇ ਖਿਡਾਰੀਆਂ ਤੇ ਖੇਡ ਮੇਲਿਆਂ ਬਾਰੇ ਲਿਖਿਆ ਅਤੇ ਖਿਡਾਰੀਆਂ ਦੀਆਂ ਜੀਵਨੀਆਂ ਲਿਖੀਆਂ। ਪਿੰਡਾਂ ਦੇ ਖੇਡ ਮੇਲਿਆਂ ਤੋਂ ਲੈ ਕੇ ਨੈਸ਼ਨਲ, ਏਸ਼ਿਆਈ, ਕਾਮਨਵੈਲਥ, ਓਲੰਪਿਕ ਖੇਡਾਂ ਤੇ ਵਿਸ਼ਵ ਕੱਪਾਂ ਬਾਰੇ ਲਿਖਦਿਆਂ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਨੂੰ ਭਾਰਤੀ ਤੇ ਕੌਮਾਂਤਰੀ ਭਾਸ਼ਾਵਾਂ ਦੇ ਮੰਚ 'ਤੇ ਸਨਮਾਨਯੋਗ ਸਥਾਨ ਦਿਵਾਇਆ। ਉਹ ਛੇ ਦਹਾਕਿਆਂ ਤੋਂ ਲਗਾਤਾਰ ਲਿਖਦੇ ਆ ਰਹੇ ਹਨ। ਪੰਜਾਬੀ ਜਗਤ ਦਾ ਸ਼ਾਇਦ ਹੀ ਕੋਈ ਮੈਗਜ਼ੀਨ ਜਾਂ ਅਖ਼ਬਾਰ ਹੋਵੇ ਜਿਸ ਵਿਚ ਉਨ੍ਹਾਂ ਦੀਆਂ ਲਿਖਤਾਂ ਨਾ ਛਪੀਆਂ ਹੋਣ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ ਚਾਰ ਜਿਲਦਾਂ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ, ਵਿਚ ਕਲਮਬੱਧ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿੱਚ ਸਤਾਸੀ ਖੇਡਾਂ ਦਾ ਵੇਰਵਾ ਦਿੱਤਾ ਹੈ ਅਤੇ ਨੈਸ਼ਨਲ ਬੁੱਕ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਪੰਜਾਸੀ ਖਿਡਾਰੀਆਂ ਦੇ ਸ਼ਬਦ ਚਿੱਤਰ ਉਲੀਕੇ ਹਨ। 'ਪੰਜਾਬ ਦੇ ਕੋਹੇਨੂਰ' ਪੁਸਤਕ ਦੇ ਤਿੰਨ ਭਾਗਾਂ ਵਿੱਚ ਤੇਈ ਹੀਰਿਆਂ ਦੀਆਂ ਲੰਮੀਆਂ ਬਾਤਾਂ ਪਾਈਆਂ ਹਨ। ਮੌਲਿਕ ਪੁਸਤਕਾਂ ਰਚਣ ਨਾਲ ਉਨ੍ਹਾਂ ਨੇ ਕੁਝ ਪੁਸਤਕਾਂ ਦਾ ਸੰਪਾਦਨ ਤੇ ਅਨੁਵਾਦ ਵੀ ਕੀਤਾ ਹੈ। ਉਹ ਅਨੇਕਾਂ ਨਵੇਂ ਪੰਜਾਬੀ ਖੇਡ ਲੇਖਕਾਂ ਦੇ ਪ੍ਰੇਰਨਾਸ੍ਰੋਤ ਹਨ ਜਿਨ੍ਹਾਂ ਨੇ ਲਗਭਗ ਦੋ ਸੌ ਤੋਂ ਵੱਧ ਖੇਡ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਨੂੰ ਦੇਸ਼ ਵਿਦੇਸ਼ ਦੇ ਖੇਡ ਮੇਲੇ ਕਵਰ ਕਰਦਿਆਂ ਅਨੇਕਾਂ ਮਾਣ ਸਨਮਾਨ ਮਿਲੇ। ਜਸਵੰਤ ਸਿੰਘ ਕੰਵਲ ਨੇ ਉਨ੍ਹਾਂ ਨੂੰ 'ਖੇਡਾਂ ਦਾ ਵਣਜਾਰਾ', ਡਾ. ਹਰਿਭਜਨ ਸਿੰਘ ਨੇ 'ਸ਼ਬਦਾਂ ਦਾ ਓਲੰਪੀਅਨ' ਤੇ ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ' ਕਿਹਾ ਅਤੇ ਹੋਰ ਬਹੁਤ ਸਾਰੇ ਲੇਖਕਾਂ ਤੇ ਪਾਠਕਾਂ ਨੇ ਉਨ੍ਹਾਂ ਦੀਆਂ ਲਿਖਤਾਂ ਨੂੰ ਸਲਾਹਿਆ ਤੇ ਵਡਿਆਇਆ। ਉਨ੍ਹਾਂ ਦੀ ਕਲਮ ਦੀ ਮੈਰਾਥਨ ਦੌੜ 1960ਵਿਆਂ ਤੋਂ ਜਾਰੀ ਹੈ। ਪ੍ਰਿੰਸੀਪਲ ਸਰਵਣ ਸਿੰਘ ਜੀ ਦੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

# ਸੁਪਰੀਮ ਕੋਰਟ ਵਿੱਚ ਇੱਕੋ ਪੈਂਤੜੇ ਨਾਲ ਭਾਜਪਾ ਵਾਸਤੇ ਚੋਣ ਕਮਿਸ਼ਨ ਵੱਡਾ ਦਾਅ ਖੇਡ ਗਿਐ !

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਦੀ ਪਾਰਲੀਮੈਂਟ ਦਾ ਇਸ ਵਾਰ ਦਾ ਮੌਨਸੂਨ ਸਮਾਗਮ ਬੀਤੇ ਹਫਤੇ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੇ ਜਾਣ ਨਾਲ ਰੋਜ਼ ਦੀ ਰਾਜਸੀ ਖਿੱਚੋਤਾਣ ਦਾ ਇੱਕ ਅਖਾੜਾ ਦ੍ਰਿਸ਼ ਤੋਂ ਲਾਂਭੇ ਹੋ ਗਿਆ। ਇਸ ਨਾਲ ਆਮ ਲੋਕਾਂ ਨੂੰ ਕੁਝ ਸੌਖਾ ਸਾਹ ਮਿਲ ਸਕਦਾ ਹੈ, ਪਰ ਢੇਰ ਸਾਰੇ ਮੁੱਦੇ ਇਹੋ ਜਿਹੇ ਹੋਰ ਹਨ, ਜਿਹੜੇ ਦੱਸਦੇ ਹਨ ਕਿ ਅਗਲੀਆਂ ਚੋਣਾਂ ਜਿੰਨੀਆਂ ਵੀ ਦੂਰ ਹੋਣ, ਦੇਸ਼ ਦੀਆਂ ਦੋਵਾਂ ਮੁੱਖ ਵਿਰੋਧੀ ਧਿਰਾਂ ਦਾ ਆਢਾ ਏਦਾਂ ਹੀ ਲੱਗਾ ਰਹੇਗਾ ਅਤੇ ਸਰਕਾਰ ਚਲਾ ਰਹੀ ਧਿਰ ਕਿਸੇ ਵੀ ਤਰ੍ਹਾਂ ਦੀ ਲਚਕ ਦੇਣ ਦਾ ਕੋਈ ਸੰਕੇਤ ਨਹੀਂ ਦੇਵੇਗੀ। ਇਸ ਦੇ ਬਾਵਜੂਦ ਵਿਰੋਧੀ ਧਿਰ ਕੁਝ ਗੱਲਾਂ ਵਿੱਚ ਸਰਕਾਰ ਨੂੰ ਆਮ ਲੋਕਾਂ ਦੀ ਸੱਥ ਵਿੱਚ ਬੇਪਰਦ ਕਰਨ ਵਿੱਚ ਸਫਲ ਰਹੀ ਹੈ। ਇਹ ਕੋਈ ਛੋਟੀ ਗੱਲ ਨਹੀਂ, ਪਰ ਵਿਰੋਧੀ ਧਿਰ ਨਾਲੋਂ ਇਸ ਵਿੱਚ ਵੱਧ ਯੋਗਦਾਨ ਅਦਾਲਤਾਂ ਵਿੱਚ ਚੱਲਦੀ ਪ੍ਰਕਿਰਿਆ ਦਾ ਹੈ, ਜਿਸ ਦੇ ਵਲਾਵੇਂ ਵਿੱਚ ਫਸੇ ਹੋਏ ਚੋਣ ਕਮਿਸ਼ਨ ਦੀ ਬਹੁਤ ਹੇਠੀ ਹੋਈ ਤੇ ਕੱਢੇ ਗਏ ਵੋਟਰ ਵਾਪਸ ਲੈਣ ਦਾ ਕੌੜਾ ਘੁੱਟ ਵੀ ਭਰਨਾ ਪਿਆ ਹੈ।

ਅਗਲੇ ਸਮੇਂ ਦੀ ਰਾਜਨੀਤੀ ਵਿੱਚ ਬਹੁਤ ਵੱਡਾ ਉਲਟਫੇਰ ਕਰਨ ਦੀ ਸੰਭਾਵਨਾ ਵਾਲਾ ਇਹ ਮਾਮਲਾ ਜਦੋਂ ਸ਼ੁਰੂ ਵਿੱਚ ਲੋਕਾਂ ਸਾਹਮਣੇ ਆਇਆ ਤਾਂ ਇੱਕ ਰਾਜਨੀਤਕ ਦੂਸ਼ਣ ਜਿਹਾ ਜਾਪਦਾ ਸੀ। ਰਾਹੁਲ ਗਾਂਧੀ ਨੇ ਮਹਾਰਾਸ਼ਟਰ ਦੀਆਂ ਪਿਛਲੀਆਂ ਚੋਣਾਂ ਵਿੱਚ ਲੱਖਾਂ ਲੋਕਾਂ ਦੀਆਂ ਵੋਟਾਂ ਕੱਟੀਆਂ ਜਾਣ ਅਤੇ ਉਨ੍ਹਾਂ ਲੱਖਾਂ ਵੋਟਾਂ ਦੀ ਥਾਂ ਉਨ੍ਹਾਂ ਤੋਂ ਵੱਧ ਵੋਟਾਂ ਹੋਰ ਜੋੜੇ ਜਾਣ ਦੀ ਗੱਲ ਕਹੀ ਤਾਂ ਕਈ ਲੋਕਾਂ ਨੂੰ ਇਸ ਦਾ ਯਕੀਨ ਨਹੀਂ ਸੀ ਹੁੰਦਾ। ਫਿਰ ਇਹੋ ਜਿਹੇ ਕਈ ਸਬੂਤ ਸਾਹਮਣੇ ਆਉਣ ਲੱਗ ਪਏ, ਪਰ ਚੋਣ ਕਮਿਸ਼ਨ ਇਨ੍ਹਾਂ ਦਾ ਜਵਾਬ ਨਹੀਂ ਸੀ ਦੇ ਰਿਹਾ, ਦੇਸ਼ ਦੀ ਸਰਕਾਰ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਤੇ ਸੀਨੀਅਰ ਆਗੂ ਇਸ ਨੂੰ ਕੱਟਣ ਲਈ ਸਿਰ ਪਰਨੇ ਹੋ ਰਹੇ ਸਨ ਤੇ ਇਸ ਨਾਲ ਵਿਵਾਦ ਹੋਰ ਵਧਦਾ ਗਿਆ।ਏਦਾਂ ਦੇ ਵਿਵਾਦ ਵਿੱਚ ਬਿਹਾਰ ਵਿੱਚ ਵੋਟਰਾਂ ਦੀ ਪੁਣਛਾਣ ਦੀ ਵਿਸ਼ੇਸ਼ ਮੁਹਿੰਮ ਦੀ ਚਰਚਾ ਛਿੜ ਗਈ, ਜਿਸ ਵਿੱਚ ਇੱਕ ਪੱਖ ਦੀਆਂ ਵੋਟਾਂ ਕੱਟਣ ਲਈ ਚੋਣ ਕਮਿਸ਼ਨ ਨੇ ਏਦਾਂ ਦੀਆਂ ਸ਼ਰਤਾਂ ਲਾ ਦਿੱਤੀਆਂ ਸਨ, ਜਿਹੜੀਆਂ ਸਿਰਫ ਸਰਕਾਰੀ ਧਿਰ ਦੇ ਲੋਕ ਪੂਰੀਆਂ ਕਰਦੇ ਹੋ ਸਕਦੇ ਸਨ ਤੇ ਜਿਸ ਕਿਸੇਦੀਵੋਟ ਕੱਟਣ ਦਾ ਇਰਾਦਾ ਹੋਵੇ, ਆਰਾਮ ਨਾਲ 'ਨਾਗਰਿਕਤਾ ਸਾਬਤ ਨਹੀਂ ਕਰ ਸਕਿਆ' ਕਹਿ ਕੇ ਕੱਟੀ ਜਾ ਸਕਦੀ ਸੀ। ਇਸੇ ਮੌਕੇ ਇੱਕ ਮੁੱਦਾ ਕਰਨਾਟਕ ਵਿੱਚ ਵੋਟਰ ਲਿਸਟਾਂ ਦੀ ਗੜਬੜ ਦਾ ਸਾਹਮਣੇ ਆ ਗਿਆ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾ ਦਿੱਤਾ ਕਿ ਕੁਝ ਲੋਕਾਂ ਦੀਆਂ ਵੋਟਾਂ ਇੱਕ ਤੋਂ ਵੱਧ ਥਾਂਈਂ ਬਣੀਆਂ ਹੋਈਆਂ ਹਨ। ਚੋਣ ਕਮਿਸ਼ਨ ਨੂੰ ਇਸ ਦੇ ਬਾਅਦ ਚੁੱਪ ਤੋੜਨੀ ਪਈ ਤਾਂ ਦੋਸ਼ਾਂ ਦਾ ਖੰਡਨ ਕਰਦੇ ਸਮੇਂ ਖਿਲਾਰਾ ਹੋਰ ਵੀਵਧ ਗਿਆ। ਸੁਪਰੀਮ ਕੋਰਟ ਤੱਕ ਵੀ ਗੱਲ ਪੁੱਜ ਗਈ ਅਤੇ ਓਥੇ ਕਈ ਦਿਨ ਚੱਲੀ ਬਹਿਸ ਪਿੱਛੋਂ ਬੀਤੇ ਸ਼ੁੱਕਰਵਾਰ ਜਿਹੜਾ ਫੈਸਲਾ ਦਿੱਤਾ ਗਿਆ, ਉਸ ਨਾਲ ਗੱਲ ਮੁੱਕ ਨਹੀਂ ਸਕੀ, ਨਵੇਂ ਉੱਠੇ ਕਈ ਹੋਰ ਸਵਾਲ ਜਵਾਬ ਮੰਗਦੇ ਦਿੱਸਦੇ ਹਨ। ਚੋਣ ਕਮਿਸ਼ਨ ਨੂੰ ਸੁਪਰੀਮ ਕੋਰਟ ਦੇ ਫੈਸਲੇ ਨੇ ਵੀ ਫਸਾ ਦਿੱਤਾ ਹੈ ਅਤੇ ਅਗਲੇ ਉੱਠ ਰਹੇ ਸਵਾਲਾਂ ਨੇ ਵੀ ਇਸ ਸਮੁੱਚੇਸਿਸਟਮ ਨੂੰ ਝੰਜੋੜ ਦਿੱਤਾ ਹੈ।

ਸੌ ਮੁੱਦਿਆਂ ਦਾ ਮੁੱਦਾ ਇਹ ਗੱਲ ਬਣ ਗਈ ਕਿ ਵੋਟਰ ਦੀ ਪਛਾਣ ਲਈ ਪੇਸ਼ ਕੀਤੇ ਜਾਂਦੇ ਸਬੂਤਾਂ ਵਿੱਚ ਆਧਾਰ ਕਾਰਡ ਜਾਇਜ਼ ਮੰਨਿਆ ਜਾਵੇ ਜਾਂ ਨਹੀਂ ਅਤੇ ਇਸ ਬਾਰੇ ਸੁਪਰੀਮ ਕੋਰਟ ਨੇ ਮੋਹਰ ਲਾ ਦਿੱਤੀ ਹੈ ਕਿ ਆਧਾਰ ਕਾਰਡ ਇੱਕ ਜਾਇਜ਼ ਸਬੂਤ ਹੈ। ਚੋਣ ਕਮਿਸ਼ਨ ਨੂੰ ਇਹ ਮੰਨਣਾ ਪੈਣਾ ਹੈ, ਪਰ ਇਹ ਸੱਟ ਚੋਣ ਕਮਿਸ਼ਨ ਨੂੰ ਨਹੀਂ, ਦੇਸ਼ ਦੀ ਸਰਕਾਰ ਚਲਾ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਵੱਧ ਹੈ, ਜਿਹੜੀ ਕਿਸੇ ਵੀ ਗੱਲ ਬਾਰੇ ਆਪਣੀ ਸਹੂਲਤ ਦੇ ਮੁਤਾਬਕ ਪੈਂਤੜੇ ਮੱਲਦੀ ਹੈ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ ਜਦੋਂ ਆਧਾਰ ਕਾਰਡ ਸ਼ੁਰੂ ਕਰਨ ਬਾਰੇ ਪਹਿਲ ਕਦਮੀ ਹੋਈ ਤਾਂ ਭਾਜਪਾ ਲੀਡਰਾਂ ਨੇ ਇਸ ਨੂੰ 'ਆਧਾਰ ਨਹੀਂ, ਫਰਾਡ ਕਾਰਡ' ਕਿਹਾ ਸੀ, ਪਰ ਹਾਲਾਤ ਪਲਟਣ ਨਾਲ ਜਦੋਂ ਉਹ ਖੁਦ ਦੇਸ਼ ਨੂੰ ਚਲਾਉਣ ਜੋਗੇ ਹੋਏ ਤਾਂ ਹਰ ਕੰਮ ਲਈ ਸਭ ਤੋਂ ਵੱਡਾ ਸਬੂਤ ਇਸ ਕਾਰਡ ਨੂੰ ਮੰਨਿਆ ਜਾਣਾ ਸ਼ੁਰੂ ਹੋ ਗਿਆ ਸੀ। ਏਥੋਂ ਤੱਕ ਕਿ ਨਾਗਰਿਕਤਾ ਦਾ ਸਭ ਤੋਂ ਵੱਡਾ ਸਬੂਤ ਮੰਨੇ ਜਾਂਦੇ ਪਾਸਪੋਰਟ ਦੀ ਅਰਜ਼ੀ ਦੇਣ ਲਈ ਵੀ ਸਭ ਤੋਂ ਪਹਿਲਾ ਸਬੂਤ ਆਧਾਰ ਕਾਰਡ ਮੰਗਿਆ ਜਾਂਦਾ ਸੀ, ਪਰ ਚੋਣ ਕਮਿਸ਼ਨ ਇਸ ਕਾਰਡ ਨੂੰ ਵੋਟ ਵਾਸਤੇ ਪੱਕਾ ਸਬੂਤ ਮੰਨਣ ਤੋਂ ਇਨਕਾਰ ਕਰਦਾ ਰਿਹਾ ਅਤੇ ਭਾਜਪਾ ਆਗੂ ਇਸ ਦੀ ਹਮਾਇਤ ਕਰਦੇ ਫਿਰਦੇ ਸਨ।

ਦੂਸਰੀ ਗੱਲ ਵਿਵਾਦ ਦਾ ਕਾਰਨ ਇਹ ਬਣਦੀ ਗਈ ਕਿ ਚੋਣ ਕਮਿਸ਼ਨ ਆਪਣੇ ਉੱਤੇ ਦੋਸ਼ਲਾਉਣ ਵਾਲਿਆਂ ਤੋਂ ਹਲਫੀਆ ਬਿਆਨ ਮੰਗਣ ਲੱਗ ਪਿਆ, ਪਰ ਉਸ ਕੋਲ ਆਏ ਹਲਫੀਆ ਬਿਆਨਾਂ ਨੂੰ ਰੱਦ ਕਰਨ ਜਾਂ ਇਨ੍ਹਾਂ ਬਾਰੇ ਕੋਈ ਹੋਰ ਕਾਰਵਾਈ ਕਰਨ ਬਾਰੇ ਦੱਸਣ ਨੂੰ ਤਿਆਰ ਨਹੀਂ ਸੀ। ਇਸ ਬਾਰੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਸਿੰਘ ਯਾਦਵ ਨੇ ਚੋਣ ਕਮਿਸ਼ਨ ਦੀ ਰਸੀਦ ਵੀ ਵਿਖਾ ਦਿੱਤੀ ਕਿ ਉਨ੍ਹਾਂ ਨੇ ਹਲਫੀਆ ਬਿਆਨ ਦਿੱਤਾ ਹੋਇਆ ਹੈ ਤੇ ਕਮਿਸ਼ਨ ਨੇ ਕਾਰਵਾਈ ਨਹੀਂ ਕੀਤੀ, ਪਰ ਇਸ ਬਾਰੇ ਚੋਣ ਕਮਿਸ਼ਨ ਚੁੱਪ ਹੀ ਵੱਟ ਗਿਆ। ਇਹ ਗੱਲ ਭੇਦਭਰੀ ਰਹਿ ਗਈ ਕਿ ਜਿਹੜਾ ਚੋਣ ਕਮਿਸ਼ਨ ਰਾਹੁਲ ਗਾਂਧੀ ਤੋਂ ਹਲਫੀਆ ਬਿਆਨ ਮੰਗਦਾ ਸੀ, ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਵਿਰੁੱਧ ਉਹੋ ਚੋਣ ਕਮਿਸ਼ਨ ਓਸੇ ਰਾਜ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਸਿੰਘ ਯਾਦਵ ਦੇ ਐਫੀਡੇਵਿਟ ਬਾਰੇ ਕੁਝ ਕਰਦਾ ਕਿਉਂ ਨਹੀਂ ਤੇ ਇਸ ਦੀ ਥਾਂ ਬਹਿਸ ਦਾ ਰੁਖ ਆਧਾਰ ਕਾਰਡ ਦੀ ਜਾਇਜ਼ਤਾ ਬਾਰੇ ਬਹਿਸ ਉੱਤੇ ਕੇਂਦਰਤ ਹੋ ਗਿਆ। ਇਹੋ ਨਹੀਂ, ਸਗੋਂ ਗੱਲ ਹੋਰ ਅੱਗੇ ਸਿਆਸੀ ਪਾਰਟੀਆਂ ਦੀ ਭੂਮਿਕਾ ਵੱਲ ਮੋੜਨ ਦਾ ਕੰਮ ਸ਼ੁਰੂ ਹੋ ਗਿਆ ਤੇ ਸੁਪਰੀਮ ਕੋਰਟ ਨੇ ਵੀ ਸਿਆਸੀ ਧਿਰਾਂ ਨੂੰ ਕਹਿ ਦਿੱਤਾ ਕਿ ਆਪਣੇ ਬੀ ਐੱਲ ਏ (ਬੂਥ ਲੈਵਲ ਏਜੰਟਸ) ਨੂੰ ਆਪਣੀ ਜ਼ਿਮੇਵਾਰੀ ਨਿਭਾਉਣਨੂੰ ਕਹਿਣ ਅਤੇ ਸਿਰਫ ਚੋਣ ਕਮਿਸ਼ਨ ਦਾ ਕਸੂਰ ਨਾ ਕੱਢਦੀਆਂ ਰਹਿਣ। ਲੋਕਾਂ ਨੇ ਬੀ ਐੱਲ ਓ ਸੁਣੇ ਸਨ, ਪਰ ਬੂਥ ਲੈਵਲ ਏਜੰਟ ਦੀ ਨਵੀਂ ਗੱਲ ਉੱਠਣ ਨਾਲ ਇਸ ਮੁੱਦੇ ਉੱਤੇ ਵੀ ਇੱਕ ਬਹਿਸ ਸ਼ੁਰੂ ਹੋ ਗਈ ਹੈ।

ਆਮ ਵੋਟਰ ਇਹ ਨਹੀਂ ਜਾਣਦਾ ਕਿ ਚੋਣ ਪ੍ਰਕਿਰਿਆ ਵਿੱਚ ਕਿੰਨੇ ਪੱਧਰਾਂ ਦੇ ਕਿੰਨੇ ਏਜੰਟ ਹੁੰਦੇ ਹਨ ਅਤੇ ਉਹ ਕਿਸ ਕੰਮ ਲਈ ਕਿੰਨੇ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ! ਚੋਣ ਪ੍ਰਕਿਰਿਆ ਲਈ ਉਮੀਦਵਾਰ ਵੱਲੋਂ ਪਹਿਲਾ ਜ਼ਿੰਮਾ ਜਿਸ ਵਿਅਕਤੀ ਸਿਰ ਹੁੰਦਾ ਹੈ, ਉਸ ਨੂੰ 'ਚੋਣ ਏਜੰਟ' ਕਹਿੰਦੇ ਹਨ ਅਤੇ ਉਹ ਚੋਣ ਲੜ ਰਹੇ ਉਮੀਦਵਾਰ ਵੱਲੋਂ ਹਰ ਕਾਗਜ਼ਉੱਤੇ ਦਸਖਤ ਕਰਨ ਨੂੰ ਪੂਰਾ ਅਧਿਕਾਰਤ ਹੁੰਦਾ ਹੈ। ਦੂਸਰੇ ਪੱਧਰ ਦੇ 'ਪੋਲਿੰਗ ਏਜੰਟ' ਹੁੰਦੇ ਹਨ, ਜਿਹੜੇ ਵੋਟਾਂ ਪੈਣ ਦੇ ਵਕਤ ਨਾਲੋ-ਨਾਲ ਵੋਟਰ ਸੂਚੀ ਵਿੱਚ ਵੇਖਦੇ ਹਨ ਕਿ ਵੋਟ ਪਾਉਣ ਆਇਆ ਵਿਅਕਤੀ ਅਸਲੀ ਵੋਟਰ ਹੈ ਜਾਂ ਉਸ ਦੀ ਥਾਂ ਕੋਈ ਫਰਾਡੀਆ ਬੰਦਾ ਹੈ। ਤੀਸਰੇ ਪੱਧਰ ਉੱਤੇ ਵੋਟਾਂ ਦੀ ਗਿਣਤੀ ਮੌਕੇ ਓਥੇ ਹਾਜ਼ਰ ਹੋਣ ਵਾਲੇ ਵਿਅਕਤੀ ਹੁੰਦੇ ਹਨ ਅਤੇ ਉਨ੍ਹਾਂ ਨੂੰ 'ਕਾਊਂਟਿੰਗ ਏਜੰਟ' ਕਿਹਾ ਜਾਂਦਾ ਹੈ, ਉਹ ਸਿਰਫ ਇਹ ਵੇਖਦੇ ਹਨ ਕਿ ਗਿਣਤੀ ਕਰਦੇ ਸਮੇਂ ਕਿਸੇ ਕਿਸਮ ਦੀ ਗੜਬੜ ਨਾ ਚੱਲਦੀ ਹੋਵੇ। ਐਤਕੀਂ ਇੱਕ ਨਵਾਂ ਸ਼ਬਦ 'ਬੂਥ ਲੈਵਲ ਏਜੰਟ' ਆਮ ਲੋਕਾਂ ਨੇ ਸੁਣ ਲਿਆ ਹੈ, ਜਿਸ ਦੀ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ। ਚੋਣ ਕਮਿਸ਼ਨ ਵੱਲੋਂ ਨਿਯੁਕਤ 'ਬੀ ਐੱਲ ਓ' ਸਿਰਫ ਘਰਾਂ ਵਿੱਚ ਜਾ ਕੇ ਹਰ ਕਿਸੇ ਦੀ ਵੋਟ ਬਣਾਉਣ ਅਤੇ ਵੋਟਾਂ ਪੈਣ ਵੇਲੇ ਵੋਟਰ ਸੂਚੀ ਦੀ ਕਿਸੇ ਸ਼ਿਕਾਇਤ ਦੇ ਹੱਲ ਲਈ ਮੌਕੇ ਉੱਤੇ ਰਹਿਣ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਨਵਾਂ ਸੁਣਿਆ 'ਬੀ ਐੱਲ ਏ' ਅਸਲ ਵਿੱਚ ਸਿਆਸੀ ਪਾਰਟੀ ਵੱਲੋਂ ਕਿਸੇ ਪੋਲਿੰਗ ਬੂਥ ਦੇ ਲਈ ਨਿਯੁਕਤ ਕੀਤਾ ਵਿਅਕਤੀ ਹੁੰਦਾ ਹੈ, ਜਿਹੜਾ ਵੋਟਾਂ ਬਣਨ ਤੋਂ ਭੁਗਤਣ ਤੱਕ ਆਪਣੇ ਬੂਥ ਦੀ ਹਰ ਪ੍ਰਕਿਰਿਆ ਨੂੰ ਚੈੱਕ ਕਰਨ ਦੇ ਅਧਿਕਾਰ ਰੱਖਦਾ ਹੈ। ਸਰਕਾਰ ਦੇ ਬੀ ਐੱਲ ਓ ਇੱਕ ਤਰ੍ਹਾਂ ਦੇ ਚੋਣ ਕਮਿਸ਼ਨ ਦੇ ਲਈ ਮਾਮੂਲੀ ਭੱਤੇ ਉੱਤੇ ਗਲੀਆਂ ਵਿੱਚ ਧੱਕੇ ਖਾਣ ਵਾਲੇ ਉਹ ਕਾਰਿੰਦੇ ਹੁੰਦੇ ਹਨ, ਜਿਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਉਲਝਣ ਮੌਕੇ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਸਰਪ੍ਰਸਤੀ ਕਰਨੀ ਪੈਂਦੀ ਹੈ, ਪਰ ਸਿਆਸੀ ਪਾਰਟੀਆਂ ਦੇ ਬੀ ਐੱਲ ਏ ਨੂੰ ਜੇ ਕੋਈ ਫੜ ਕੇ ਕੁੱਟ ਵੀ ਦੇਵੇ ਤਾਂ ਥਾਣੇ ਸ਼ਿਕਾਇਤ ਦੇ ਸਕਦਾ ਹੈ, ਪ੍ਰਸ਼ਾਸਨ ਉਸ ਦੇ ਲਈ ਜ਼ਿੰਮੇਵਾਰ ਨਹੀਂ ਹੁੰਦਾ। ਇਹੋ ਜਿਹੇ ਏਜੰਟਾਂ ਦੀ ਨਿਯੁਕਤੀ ਦਾ ਨਿਯਮ ਸਾਲ 2008 ਵਿੱਚ ਲਿਆਂਦਾ ਗਿਆ ਸੀ, ਪਰ ਸਿਆਸੀ ਪਾਰਟੀਆਂ ਵੱਲੋਂ ਏਦਾਂ ਏਜੰਟ ਰੱਖਣ ਦੀ ਰਿਵਾਇਤ ਅਜੇ ਤੱਕ ਪੱਕੀ ਨਹੀਂ ਬਣੀ, ਸਿਰਫ ਭਾਜਪਾ ਏਦਾਂ ਕਰਦੀ ਹੈ ਤੇ ਇਸ ਦਾ ਕਾਰਨ ਇਹ ਹੈ ਕਿ ਇਹੋ ਜਿਹੇ ਏਜੰਟ ਜਾਂ ਤਾਂ ਸਮੱਰਪਣ ਭਾਵਨਾ ਨਾਲ ਮੁਫਤ ਕੰਮ ਕਰਨ ਵਾਲੇ ਹੋ ਸਕਦੇ ਹਨ ਜਾਂ ਫਿਰ ਸਿਆਸੀ ਪਾਰਟੀਆਂ ਨੂੰ ਪੈਸੇ ਖਰਚ ਕਰ ਕੇ ਰੱਖਣੇ ਪੈਣਗੇ, ਜਦ ਕਿ ਕਈ ਪਾਰਟੀਆਂ ਏਨੇ ਪੈਸੇ ਖਰਚਣ ਜੋਗੀਆਂ ਹੁੰਦੀਆਂ ਹੀ ਨਹੀਂ।

ਭਾਜਪਾ ਇਸ ਕੰਮ ਵਿੱਚ ਬਾਕੀ ਸਾਰਿਆਂ ਤੋਂ ਅੱਗੇ ਹੈ ਤੇ ਉਹ ਸਿਰਫ ਬੀ ਐੱਲ ਏ (ਬੂਥ ਲੈਵਲ ਏਜੰਟ) ਨਹੀਂ, ਇਸ ਤੋਂ ਅੱਗੇ 'ਪੰਨਾ ਪ੍ਰਮੁੱਖ' ਵੀ ਨਿਯੁਕਤ ਕਰਦੀ ਹੈ, ਕਿਉਂਕਿ ਉਸ ਕੋਲ ਸਮੱਰਪਣ ਵਾਲੇ ਸੋਇਮਸੇਵਕ ਵੀ ਮੌਜੂਦ ਹਨ ਅਤੇ ਪੈਸੇ ਦੇਣ ਪੈਣ ਤਾਂ ਮਾਇਆ ਦੀ ਵੀ ਕਮੀ ਨਹੀਂ। ਹਰ ਬੂਥ ਲਈ 'ਪੰਨਾ ਪ੍ਰਮੁੱਖ' ਬਣਾਏ ਭਾਜਪਾ ਦੇ ਵਰਕਰ ਇਸ ਗੱਲ ਦਾ ਖਿਆਲ ਨਹੀਂ ਰੱਖਦੇ ਕਿ ਬੂਥ ਵਿੱਚ ਕੀ ਕੁਝ ਵਾਪਰਦਾ ਹੈ, ਉਹ ਆਪਣੇ ਬੂਥ ਦੇ ਵੋਟਰਾਂ ਦੀ ਸੂਚੀ ਦੇ ਸਿਰਫ ਇੱਕ ਪੰਨੇ ਉੱਤੇ ਅੱਖ ਰੱਖ ਕੇ ਸਰਗਰਮੀ ਕਰਦੇ ਹਨ। ਹਰ ਬੂਥ ਉੱਤੇ ਵੋਟਾਂ ਵਾਲੀ ਸੂਚੀ ਦਸ-ਪੰਦਰਾਂ ਸਫਿਆਂ ਦੀ ਜਾਂ ਇਸ ਤੋਂ ਵੱਧ ਦੀ ਹੁੰਦੀ ਹੈ, ਏਨੇ ਸਫੇ (ਪੰਨੇ) ਹੋਣ ਉੱਤੇ ਹਰ ਸਫੇ ਲਈ ਇੱਕ ਏਜੰਟ ਜਾਂ ਪ੍ਰਮੁੱਖ ਰੱਖਣ ਜੋਗੀ ਕੋਈ ਵੀ ਹੋਰ ਪਾਰਟੀ ਨਾ ਪੰਜਾਬ ਵਿੱਚ ਦਿੱਸਦੀ ਹੈ, ਨਾ ਬਾਕੀ ਭਾਰਤ ਵਿੱਚ। ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿੱਚ ਜਾ ਕੇ ਇਹ ਪੈਂਤੜਾ ਲੈ ਲਿਆ ਕਿ ਸਿਆਸੀ ਪਾਰਟੀਆਂ ਆਪਣੇ ਬੀ ਐੱਲ ਏ (ਬੂਥ ਲੈਵਲ ਏਜੰਟਸ)ਦੁਆਰਾ ਵੋਟਾਂ ਦੀ ਸੂਚੀ ਵਿਚਲੇ ਨੁਕਸ ਚੋਣ ਕਮਿਸ਼ਨ ਨੂੰ ਦੱਸਣ ਤਾਂ ਉਹ ਸ਼ਿਕਾਇਤ ਦੂਰ ਕਰ ਸਕਦਾ ਹੈ ਅਤੇ ਚੋਣ ਕਮਿਸ਼ਨਜਾਣਦਾ ਹੈ ਕਿ ਭਾਜਪਾ ਤੋਂ ਬਿਨਾਂ ਬਾਕੀ ਪਾਰਟੀਆਂ ਕੋਲ ਏਹੋ ਜਿਹੇ ਪੱਕੇ ਨਿਯੁਕਤ ਕੀਤੇ ਏਜੰਟ ਹੁੰਦੇ ਹੀ ਨਹੀਂ। ਅਸਲ ਵਿੱਚ ਇਸ ਦਾਅ ਨਾਲ ਚੋਣ ਕਮਿਸ਼ਨ ਨੇ ਭਾਜਪਾ ਦੇ ਏਜੰਟਾਂ ਵੱਲੋਂ ਵੋਟਰ ਲਿਸਟਾਂ ਵਿੱਚ ਹਰ ਕਿਸਮ ਦੇ ਦਖਲਲਈ ਰਾਹ ਖੋਲ੍ਹਣ ਤੇ ਬਾਕੀ ਪਾਰਟੀਆਂ ਦੀ ਕਮਜ਼ੋਰੀ ਦਾ ਲਾਭ ਲੈਣ ਨੂੰ ਸੰਵਿਧਾਨਕ ਰੰਗ ਦੇਣਾ ਚਾਹਿਆ ਹੈ। ਬਿਨਾਂ ਕਹੇ ਇਹ ਗੱਲ ਕਹਿ ਦਿੱਤੀ ਗਈ ਹੈ ਕਿ ਬੂਥ ਲੈਵਲ ਏਜੰਟ ਦੀ ਨਿਯੁਕਤੀ ਕਰਨੀ ਹੋਵੇ ਤਾਂ ਕਰ ਲਵੋ, ਐਵੇਂ ਚੋਣ ਕਮਿਸ਼ਨ ਦੇ ਨੁਕਸ ਕੱਢਣ ਦੀ ਲੋੜ ਨਹੀਂ। ਕੀ ਇਸ ਦਾ ਅਰਥ ਫਿਰ ਇਹ ਕੱਢਿਆ ਜਾਵੇ ਕਿ ਜੇ ਸਿਆਸੀ ਪਾਰਟੀਆਂ ਆਪਣਾ ਬੂਥ ਲੈਵਲ ਏਜੰਟ ਨਿਯੁਕਤ ਨਹੀਂ ਕਰ ਸਕਦੀਆਂ ਤਾਂ ਚੋਣ ਕਮਿਸ਼ਨ ਦਾ ਸਟਾਫ ਜੋ ਮਰਜ਼ੀ ਕਰਦਾ ਰਹੇ ਜਾਂ ਇਸ ਸਟਾਫ ਨੂੰ ਅੱਗੇ ਲਾ ਕੇ ਜੋ ਮਰਜ਼ੀ ਕਰਵਾ ਲਿਆ ਜਾਵੇ, ਕਿਸੇ ਗੱਲ ਦੀ ਸ਼ਿਕਾਇਤ ਕਰਨ ਦਾ ਕੋਈ ਲਾਭ ਨਹੀਂ ਰਹਿ ਜਾਵੇਗਾ!

ਇਹ ਚੁਸਤੀ ਬਾਕੀ ਰਾਜਸੀ ਪਾਰਟੀਆਂ ਦੇ ਵਕੀਲਾਂ ਜਾਂ ਜੱਜ ਸਾਹਿਬਾਨ ਦੀ ਪਕੜ ਵਿੱਚ ਕਿਉਂ ਨਹੀਂ ਆਈ ਜਾਂ ਆਈ ਤਾਂ ਵੱਡੀ ਕਿਉਂ ਨਹੀਂ ਮੰਨੀ ਗਈ, ਇਹ ਸਾਨੂੰ ਨਹੀਂ ਪਤਾ, ਪਰ ਇੱਕ ਗੱਲ ਸਾਫ ਹੈ ਕਿ ਇਹੋ ਜਿਹੇ ਪੈਂਤੜੇ ਨਾਲ ਭਾਜਪਾ ਨੇ ਖੁਦ ਪਿੱਛੇ ਬੈਠੀ ਰਹਿ ਕੇ ਚੋਣ ਕਮਿਸ਼ਨ ਦੇ ਵਕੀਲਾਂ ਰਾਹੀਂ ਵੱਡਾ ਦਾਅ ਖੇਡ ਲਿਆ ਹੈ। ਇਸ ਪਿੱਛੋਂ ਬਿਹਾਰ ਵਿੱਚਅਗਲੀਆਂ ਚੋਣਾਂ ਕਿਹੋ ਜਿਹੀਆਂ ਹੋਣਗੀਆਂ ਤੇ ਬਾਕੀ ਭਾਰਤ ਵਿੱਚ ਕਿਸ ਤਰ੍ਹਾਂ ਦੀਆਂ, ਇਹ ਦੱਸਣ ਜੋਗੀ ਅਕਲ ਵਾਲਾ ਬੰਦਾ ਲੱਭਣਾ ਔਖਾ ਲੱਗਦਾ ਹੈ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਚੋਣ ਕਮਿਸ਼ਨ ਫਸ ਗਿਆ ਹੈ ਅਤੇ ਉਸ ਨੂੰ ਕਦਮ ਪਿੱਛੇ ਖਿੱਚਣੇ ਪਏ ਹਨ, ਅਮਲ ਵਿੱਚ ਜੋ ਕੁਝ ਹੋ ਸਕਦਾ ਹੈ, ਉਹ ਅਜੇ ਸਾਹਮਣੇ ਆਉਣ ਵਿੱਚ ਵਕਤ ਲੱਗ ਸਕਦਾ ਹੈ। ਇਹ ਮਾਮਲਾ ਏਨਾ ਉਲਝਣ ਭਰਿਆ ਹੈ ਕਿ ਇਸ ਦੀ ਤਹਿ ਵਿੱਚ ਕੁਝ ਹੋਰ ਵੀ ਹੋਵੇ ਤਾਂ ਹੈਰਾਨੀ ਦੀ ਕੋਈ ਗੱਲ ਨਹੀਂ ਕਹੀ ਜਾ ਸਕਦੀ।ਏਥੇ ਤਾਂ ਕੁਝ ਵੀ ਹੋ ਸਕਦਾ ਹੈ, ਕੁਝ ਵੀ, ਕਿਉਂਕਿ ਇਹ ਭਾਰਤ ਜੁ ਹੈ।

# ਧਰਤੀ ਤੇ ਸਿਰਫ 0.3 ਪ੍ਰਤੀਸ਼ਤ ਪਾਣੀ ਹੀ ਪੀਣ ਯੋਗ ਹੈ

ਪਾਣੀ ਇੱਕ ਅਜਿਹਾ ਯੋਗਿਕ ਹੈ ਜਿਹੜਾ ਕਿ ਜਿਉਣ ਲਈ ਬਹੁਤ ਜਰੂਰੀ ਹੈ। ਇਸ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ। ਧਰਤੀ ਉੱਤੇ ਜੇਕਰ ਜੀਵਨ ਸੰਭਵ (ਹੋਰ ਹਾਲਾਤਾਂ ਤੋਂ ਬਿਨਾਂ) ਹੋਇਆ ਹੈ ਤਾਂ ਉਸ ਵਿੱਚ ਪਾਣੀ ਦਾ ਇੱਕ ਬਹੁਤ ਵੱਡਾ ਰੋਲ ਹੈ। ਪਰ ਅੱਜਕਲ੍ਹ ਪਿਛਲੇ ਲੰਬੇ ਸਮੇਂ ਤੋਂ ਇਹ ਸੁਣਦੇ ਆ ਰਹੇ ਹਾਂ ਕਿ ਧਰਤੀ ਹੇਠਲਾ ਪਾਣੀ, ਜਿਹੜਾ ਕਿ ਪੀਣਯੋਗ ਹੈ, ਲਗਾਤਾਰ ਘਟਦਾ ਜਾ ਰਿਹਾ ਹੈ। ਇਸ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਹਾਲਾਂਕਿ ਵਿਗਿਆਨੀਆਂ ਨੇ ਧਰਤੀ ਦੀ ਸਤ੍ਹਾ ਤੋਂ ਲਗਭਗ 700 ਕਿਲੋਮੀਟਰ ਹੇਠਾਂ ਧਰਤੀ ਦੇ ਮੈਂਟਲ ਟ੍ਰਾਜ਼ੀਸ਼ਨ ਜ਼ੋਨ ਚ ਪਾਣੀ ਦਾ ਬਹੁਤ ਵੱਡਾ ਭੰਡਾਰ ਲੱਭਿਆ ਹੈ। ਇਹ ਭੰਡਾਰ ਇਨਾ ਵੱਡਾ ਹੈ ਕਿ ਧਰਤੀ ਦੇ ਸਮੁੰਦਰਾਂ ਤੋਂ ਵੀ ਇਸ ਵਿੱਚ ਪਾਣੀ ਜਿਆਦਾ ਹੈ। ਪਰ ਇਹ ਸਾਰਾ ਪਾਣੀ ਯੋਗੀਕਾਂ ਵਿੱਚ ਮੌਜੂਦ ਹੈ। ਦੂਜੀ ਸਭ ਤੋਂ ਵੱਡੀ ਗੱਲ ਹੈ ਇਹ ਹੈ ਕਿ ਇੰਨੀ ਹੇਠਾਂ ਤੋਂ ਪਾਣੀ ਕੱਢਣ ਦੀ ਸਾਡੇ ਕੋਲ ਹਾਲੇ ਤੱਕ ਕੋਈ ਵੀ ਯੁਕਤ-ਜੁਗਾੜ (ਤਕਨੀਕ) ਨਹੀਂ ਹੈ। ਧਰਤੀ ਦਾ ਅਰਧ ਵਿਆਸ 6371 ਕਿਲੋਮੀਟਰ (3959 ਮੀਲ ) ਹੈ। ਭਾਵ ਧਰਤੀ ਦੇ ਆਰ ਪਾਰ ਜੇ ਵਿਚਾਲੇ ਦੀ ਮੋਰਾ (ਸੁਰਾਖ) ਕੱਢਿਆ ਜਾਵੇ ਤਾਂ ਇਸ ਦੀ ਲੰਬਾਈ ਜਿਸ ਨੂੰ ਅਸੀਂ ਵਿਆਸ ਕਹਿੰਦੇ ਹਾਂ 12756 ਕਿਲੋਮੀਟਰ (7926 ਮੀਲ) ਹੈ। ਪਰ ਮਨੁੱਖ ਹਲੇ ਤੱਕ ਸਿਰਫ 12.2 ਕਿਲੋਮੀਟਰ (40230 ਫੁੱਟ/ਕੋਲਾ ਸੁਪਰਡੀਪ ਬੋਰਹੋਲ), ਤੱਕ ਹੀ ਧਰਤੀ ਦੇ ਵਿੱਚ ਹੇਠਾਂ ਜਾ ਸਕਿਆ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕੀ ਫਿਲਹਾਲ ਦੀਆਂ ਤਕਨੀਕਾਂ ਦੇ ਅਨੁਸਾਰ ਅਸੀਂ ਧਰਤੀ ਦੇ 700-1000 ਕਿਲੋਮੀਟਰ ਹੇਠਾਂ ਲੱਭਿਆ ਪਾਣੀ ਨਹੀਂ ਵਰਤ ਸਕਦੇ। ਸਾਡੇ ਸੂਰਜ ਮੰਡਲ ਵਿੱਚ ਸਿਰਫ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿਸ ਉੱਤੇ ਜੀਵਨ ਸੰਭਵ ਹੈ ਅਤੇ ਜਿਸ ਉੱਤੇ



ਪਾਣੀ ਹੈ। ਇਹ ਪਾਣੀ ਠੋਸ (ਬਰਫ) ਅਤੇ ਤਰਲ (ਪੀਣ ਯੋਗ ਤੇ ਦੂਜਾ ਸਮੁੰਦਰਾਂ ਨਦੀਆਂ ਦਾ ਪਾਣੀ) ਅਤੇ ਗੈਸ (ਭਾਫ-ਬੱਦਲ) ਆਦਿ ਤੇ ਰੂਪ ਵਿੱਚ ਮੌਜੂਦ ਹੈ। ਧਰਤੀ ਦੀ ਕੁੱਲ ਸਤਾ ਦਾ 71% ਭਾਗ ਪਾਣੀ ਨਾਲ ਹੀ ਢਕਿਆ ਹੋਇਆ ਹੈ। ਇਹਨਾਂ ਵਿੱਚੋਂ ਲਗਭਗ ਸਾਰਾ ਹੀ ਪਾਣੀ ਸਮੁੰਦਰਾਂ ਵਿੱਚ ਹੈ 97 ਫੀਸਦੀ ਅਤੇ ਪੀਣਯੋਗ ਪਾਣੀ ਜਿਸ ਨੂੰ ਅਸੀਂ ਮਿੱਠਾ ਪਾਣੀ ਕਹਿ ਦਿੰਦੇ ਹਾਂ ਉਹ ਸਿਰਫ 2.5 ਪ੍ਰਤੀਸ਼ਤ ਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹਦੇ ਵਿੱਚੋਂ ਸਿਰਫ 0.3 ਪ੍ਰਤੀਸ਼ਤ ਪਾਣੀ ਹੀ ਪੀਣ ਯੋਗ ਹੈ। ਜਿਹੜਾ ਕਿ ਪਾਣੀ ਦੀ ਧਰਤੀ ਉੱਤੇ ਮਿਕਦਾਰ ਤੋਂ ਬਹੁਤ ਜਿਆਦਾ ਘੱਟ ਹੈ। ਮਨੁੱਖੀ ਕਾਰਵਾਈਆਂ ਕਾਰਨ ਹੁਣ ਇਸ ਦੇ ਭੰਡਾਰ ਵਿੱਚ ਹੋਰ ਕਮੀ ਆ ਰਹੀ ਹੈ। ਨਦੀਆਂ ਝੀਲਾਂ ਦਰਿਆ ਆਦਿ ਦੂਸ਼ਿਤ ਹੋ ਰਹੇ ਹਨ ਅਤੇ ਧਰਤੀ ਹੇਠਲਾ ਪਾਣੀ ਲਗਾਤਾਰ ਪਤਾਲ ਵੱਲ ਨੂੰ ਜਾ ਰਿਹਾ ਹੈ। ਇਸ ਲਈ ਸਾਨੂੰ ਆਪਣੇ ਭਵਿੱਖ ਨੂੰ ਬਚਾਉਣ ਦੇ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਕਰਨੀ ਚਾਹੀਦੀ ਹੈ।



ਵਰਖਾ ਦੇ ਪਾਣੀ ਨੂੰ ਸੰਭਾਲ ਕੇ ਰੱਖਣ ਅਤੇ ਵਰਤੋਂ ਯੋਗ ਬਣਾਉਣ ਦੇ ਢੰਗ ਲੱਭਣੇ ਅਤੇ ਵਰਤਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਤੇ ਪੀਣ ਜੋਗਾ ਪਾਣੀ ਬਚਿਆ ਰਹੀ ਸਕੇ ਤੇ ਧਰਤੀ ਵੀਰਾਨ ਬੰਜ਼ਰ ਖੁਸ਼ਕ ਗ੍ਰਹਿ ਬਣਨ ਤੋਂ ਬਚਿਆ ਰਹਿ ਸਕੇ।



ਸੰਜੀਵ ਝਾਂਜੀ, ਜਗਰਾਉਂ।
ਮੋ: 80049 10000

# ਮਹਿਲਾ ਸਸ਼ਕਤੀਕਰਨ ਇੱਕ ਬਹੁ-ਆਯਾਮੀ ਸੰਕਲਪ ਹੈ



ਵਿਜੈ ਗਰਗ

ਮਹਿਲਾ ਸਸ਼ਕਤੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਔਰਤਾਂ ਅਤੇ ਕੁੜੀਆਂ ਨੂੰ ਰਣਨੀਤਕ ਜੀਵਨ ਵਿਕਲਪ ਬਣਾਉਣ ਅਤੇ ਆਪਣੀ ਸਮਾਜਿਕ ਸਥਿਤੀ ਨੂੰ ਬਿਹਤਰ ਬਣਾਉਣ ਦੀ ਸ਼ਕਤੀ ਅਤੇ ਨਿਯੰਤਰਣ ਦਿੰਦੀ ਹੈ। ਇਸਦਾ ਉਦੇਸ਼ ਔਰਤਾਂ ਨੂੰ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਮੌਕਿਆਂ, ਸਰੋਤਾਂ ਅਤੇ ਅਧਿਕਾਰਾਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਕੇ ਲਿੰਗ ਅਸਮਾਨਤਾਵਾਂ ਨੂੰ ਖਤਮ ਕਰਨਾ ਹੈ।

ਮਹਿਲਾ ਸਸ਼ਕਤੀਕਰਨ ਦਾ ਅਰਥ ਹੈ ਮਰਦਾਂ ਅਤੇ ਔਰਤਾਂ ਵਿਚਕਾਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਸਮਾਨਤਾਵਾਂ ਨੂੰ ਖਤਮ ਕਰਨ ਦੀ ਪ੍ਰਕਿਰਿਆ। ਇਹ ਸ਼ਬਦ 19ਵੀਂ ਸਦੀ ਵਿੱਚ ਪ੍ਰਮੁੱਖਤਾ ਪ੍ਰਾਪਤ ਕਰਦਾ ਸੀ, ਜਿਸ ਵਿੱਚ ਸਸ਼ਕਤੀਕਰਨ ਸ਼ਕਤੀ ਨੂੰ ਸਮਰੱਥ ਬਣਾਉਣ ਜਾਂ ਪ੍ਰਦਾਨ ਕਰਨ ਦੇ ਕਾਰਜ ਨੂੰ ਦਰਸਾਉਂਦਾ ਸੀ। ਸਦੀਆਂ ਤੋਂ, ਔਰਤਾਂ ਨੂੰ ਦੁਨੀਆ ਭਰ ਵਿੱਚ ਕਮਜ਼ੋਰ ਲਿੰਗ ਮੰਨਿਆ ਜਾਂਦਾ ਰਿਹਾ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ, ਔਰਤਾਂ ਨੂੰ ਬਰਾਬਰ ਸਮਾਜਿਕ-ਆਰਥਿਕ ਸਥਿਤੀ ਤੋਂ ਵਾਂਝਾ ਰੱਖਿਆ ਜਾਂਦਾ ਰਿਹਾ। ਇਸ ਨੂੰ ਹੱਲ ਕਰਨ ਲਈ, ਭਾਰਤ ਸਰਕਾਰ ਅਤੇ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੋਵਾਂ ਨੇ ਸਮਾਜ ਵਿੱਚ ਔਰਤਾਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀਆਂ ਕੀਤੀਆਂ ਹਨ। ਮਹਿਲਾ ਸਸ਼ਕਤੀਕਰਨ ਦੀਆਂ ਕਿਸਮਾਂ ਮਹਿਲਾ ਸਸ਼ਕਤੀਕਰਨ ਇੱਕ ਬਹੁ-ਆਯਾਮੀ ਸੰਕਲਪ ਹੈ ਜਿਸਨੂੰ ਪੰਜ ਮੁੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

ਸਮਾਜਿਕ ਸਸ਼ਕਤੀਕਰਨ: ਇਹ ਕਿਸਮ ਔਰਤਾਂ ਦੀ ਸਮਾਜਿਕ ਸਥਿਤੀ ਅਤੇ ਸਬੰਧਾਂ ਨੂੰ ਬਿਹਤਰ ਬਣਾਉਣ 'ਤੇ ਕੇਂਦ੍ਰਿਤ ਹੈ। ਇਹ ਔਰਤਾਂ ਨੂੰ ਆਪਣੀ ਸਿਹਤ, ਵਿਆਹ ਅਤੇ ਜੀਵਨ ਸ਼ੈਲੀ ਬਾਰੇ ਸੁਤੰਤਰ ਫੈਸਲੇ ਲੈਣ ਦਾ ਅਧਿਕਾਰ ਦੇਣ ਲਈ ਰਵਾਇਤੀ ਪੁਰਖ-ਪ੍ਰਧਾਨ ਨਿਯਮਾਂ, ਵਿਤਕਰੇ ਅਤੇ ਨੁਕਸਾਨਦੇਹ ਅਭਿਆਸਾਂ ਨੂੰ ਚੁਣੌਤੀ ਦਿੰਦੀ ਹੈ।

ਵਿਦਿਅਕ ਸਸ਼ਕਤੀਕਰਨ: ਇਹ ਇੱਕ ਬੁਨਿਆਦੀ ਕਿਸਮ ਹੈ ਜੋ ਕੁੜੀਆਂ ਅਤੇ ਔਰਤਾਂ ਨੂੰ ਮਿਆਰੀ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਸਿੱਖਿਆ ਆਤਮ-ਵਿਸ਼ਵਾਸ ਵਧਾਉਣ, ਸਵੈ-ਨਿਰਭਰਤਾ ਵਿੱਚ ਸੁਧਾਰ ਕਰਨ ਅਤੇ ਔਰਤਾਂ ਨੂੰ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੇ ਯੋਗ ਬਣਾਉਣ ਲਈ ਬਹੁਤ ਜ਼ਰੂਰੀ ਹੈ।

ਆਰਥਿਕ ਸਸ਼ਕਤੀਕਰਨ: ਇਸ ਵਿੱਚ ਔਰਤਾਂ ਨੂੰ ਆਰਥਿਕ ਸਰੋਤਾਂ, ਰੁਜ਼ਗਾਰ ਅਤੇ ਉੱਦਮੀ ਮੌਕਿਆਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਨਾ ਸ਼ਾਮਲ ਹੈ। ਵਿੱਤੀ ਸੁਤੰਤਰਤਾ ਔਰਤਾਂ ਨੂੰ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ, ਆਪਣੇ ਫੈਸਲੇ ਲੈਣ ਅਤੇ ਆਪਣੇ ਘਰ ਅਤੇ ਭਾਈਚਾਰੇ ਦੀ ਆਰਥਿਕ ਭਲਾਈ ਵਿੱਚ ਯੋਗਦਾਨ ਪਾਉਣ ਦੀ ਆਗਿਆ ਦਿੰਦੀ ਹੈ।

ਰਾਜਨੀਤਿਕ ਸਸ਼ਕਤੀਕਰਨ: ਇਹ ਕਿਸਮ ਇਹ ਯਕੀਨੀ ਬਣਾਉਂਦੀ ਹੈ ਕਿ ਔਰਤਾਂ ਨੂੰ ਰਾਜਨੀਤਿਕ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਅਤੇ ਯੋਗਤਾ ਹੋਵੇ। ਇਸ ਵਿੱਚ ਸ਼ਾਸਨ, ਵੋਟਿੰਗ ਅਤੇ ਜਨਤਕ ਅਹੁਦਾ ਸੰਭਾਲਣ ਵਿੱਚ ਆਪਣੀ ਰਾਇ ਸ਼ਾਮਲ ਹੈ, ਜੋ ਔਰਤਾਂ ਲਈ ਲਾਭਦਾਇਕ ਨੀਤੀਆਂ ਨੂੰ ਆਕਾਰ ਦੇਣ ਵਿੱਚ ਮਦਦ ਕਰਦੀ ਹੈ।

ਮਨੋਵਿਗਿਆਨਕ ਸਸ਼ਕਤੀਕਰਨ: ਇਹ ਔਰਤਾਂ ਦੇ ਸਵੈ-ਮਾਣ ਅਤੇ ਵਿਸ਼ਵਾਸ ਨੂੰ ਵਧਾਉਣ ਬਾਰੇ ਹੈ। ਇਹ ਉਹਨਾਂ ਨੂੰ ਸਮਾਜਿਕ ਅਤੇ ਸੱਭਿਆਚਾਰਕ ਵਰਜਿਤਾਂ ਨੂੰ ਦੂਰ ਕਰਨ ਅਤੇ ਸਮਾਜ ਵਿੱਚ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਚੀਜ਼ ਨੂੰ ਚੁਣੌਤੀ ਦੇਣ ਦੀ ਹਿੰਮਤ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਮਹਿਲਾ ਸਸ਼ਕਤੀਕਰਨ ਪ੍ਰਾਪਤ ਕਰਨ ਵਿੱਚ ਮੁਸ਼ਕਲਾਂ ਤਰੱਕੀ ਦੇ ਬਾਵਜੂਦ, ਮਹੱਤਵਪੂਰਨ ਚੁਣੌਤੀਆਂ ਵਿਸ਼ਵ ਪੱਧਰ 'ਤੇ ਔਰਤਾਂ ਦੇ ਸਸ਼ਕਤੀਕਰਨ ਵਿੱਚ ਰੁਕਾਵਟ ਬਣਦੀਆਂ ਹਨ। ਕੁਝ ਪ੍ਰਮੁੱਖ ਮੁਸ਼ਕਲਾਂ ਵਿੱਚ ਸ਼ਾਮਲ ਹਨ:

ਸੱਭਿਆਚਾਰਕ ਅਤੇ ਸਮਾਜਿਕ ਨਿਯਮ: ਡੂੰਘੇ ਤੌਰ 'ਤੇ ਜੜ੍ਹਾਂ ਜਮਾਈ ਹੋਈ ਪਿਤਰਸੱਤਾਤਮਕ ਵਿਸ਼ਵਾਸ ਅਤੇ ਸਮਾਜਿਕ ਰੀਤੀ-ਰਿਵਾਜ ਅਕਸਰ ਔਰਤਾਂ ਦੀਆਂ ਭੂਮਿਕਾਵਾਂ ਨੂੰ ਨਿਰਧਾਰਤ ਕਰਦੇ ਹਨ, ਉਨ੍ਹਾਂ ਦੀ ਆਜ਼ਾਦੀ ਅਤੇ ਮੌਕਿਆਂ ਨੂੰ ਸੀਮਤ ਕਰਦੇ ਹਨ। ਬਾਲ ਵਿਆਹ, ਔਰਤਾਂ ਦੇ ਜਣਨ ਅੰਗਾਂ ਦਾ ਕੱਟਣਾ, ਅਤੇ ਦਾਜ ਵਰਗੇ ਅਭਿਆਸ ਅਜੇ ਵੀ ਦੁਨੀਆ ਦੇ ਕਈ ਹਿੱਸਿਆਂ ਵਿੱਚ ਪ੍ਰਚਲਿਤ ਹਨ।

ਆਰਥਿਕ ਅਸਮਾਨਤਾ: ਔਰਤਾਂ ਨੂੰ ਅਕਸਰ ਤਨਖਾਹ ਦੇ ਵੱਡੇ ਪਾੜੇ, ਕਿੱਤਾਮੁਖੀ ਅਲਹਿਦਗੀ, ਅਤੇ ਵਿੱਤੀ ਸਰੋਤਾਂ ਅਤੇ ਜਾਇਦਾਦ ਦੀ ਮਾਲਕੀ ਤੱਕ ਸੀਮਤ ਪਹੁੰਚ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਆਰਥਿਕ ਅਸਮਾਨਤਾ ਉਨ੍ਹਾਂ ਲਈ ਵਿੱਤੀ ਸੁਤੰਤਰਤਾ ਪ੍ਰਾਪਤ ਕਰਨਾ ਅਤੇ ਗਰੀਬੀ ਦੇ ਚੱਕਰਾਂ ਤੋਂ ਬਚਣਾ ਮੁਸ਼ਕਲ ਬਣਾਉਂਦੀ ਹੈ।

ਸਿੱਖਿਆ ਅਤੇ ਸਿਹਤ ਸੰਭਾਲ ਤੱਕ ਪਹੁੰਚ ਦੀ ਘਾਟ: ਲੱਖਾਂ ਕੁੜੀਆਂ ਗਰੀਬੀ, ਸੱਭਿਆਚਾਰਕ ਪਰੰਪਰਾਵਾਂ, ਜਾਂ ਛੋਟੀ ਉਮਰ ਵਿੱਚ ਵਿਆਹ ਦੇ ਕਾਰਨ ਸਿੱਖਿਆ ਤੋਂ ਵਾਂਝੀਆਂ ਹਨ। ਇਸ ਤੋਂ ਇਲਾਵਾ, ਔਰਤਾਂ ਨੂੰ ਅਕਸਰ ਮਾੜੀਆਂ ਸਿਹਤ ਸਹੂਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਖਾਸ ਕਰਕੇ ਪ੍ਰਜਨਨ ਸਿਹਤ ਸੰਬੰਧੀ।

ਲਿੰਗ-ਅਧਾਰਤ ਹਿੰਸਾ: ਇਹ ਇੱਕ ਵਿਆਪਕ ਮੁੱਦਾ ਹੈ ਜਿਸ ਵਿੱਚ ਘਰੇਲੂ ਹਿੰਸਾ, ਜਿਨਸੀ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਸ਼ਾਮਲ ਹੈ। ਔਰਤਾਂ ਵਿਰੁੱਧ ਹਿੰਸਾ ਦੀ ਉੱਚ ਦਰ ਅਸੁਰੱਖਿਆ ਅਤੇ ਡਰ ਦੀ ਨਿਰੰਤਰ ਭਾਵਨਾ ਪੈਦਾ ਕਰਦੀ ਹੈ, ਜੋ ਜਨਤਕ ਜੀਵਨ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੀ ਉਨ੍ਹਾਂ ਦੀ ਯੋਗਤਾ ਨੂੰ ਰੋਕਦੀ ਹੈ।

ਸੀਮਤ ਰਾਜਨੀਤਿਕ ਪ੍ਰਤੀਨਿਧਤਾ: ਰਾਜਨੀਤਿਕ ਲੀਡਰਸ਼ਿਪ ਅਤੇ ਫੈਸਲਾ ਲੈਣ ਵਾਲੀਆਂ ਸੰਸਥਾਵਾਂ ਵਿੱਚ ਔਰਤਾਂ ਨੂੰ ਅਕਸਰ ਘੱਟ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ। ਪ੍ਰਤੀਨਿਧਤਾ ਦੀ ਇਸ ਘਾਟ ਦਾ ਮਤਲਬ ਹੈ ਕਿ ਉਨ੍ਹਾਂ ਦੀਆਂ ਵਿਲੱਖਣ ਜ਼ਰੂਰਤਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਅਕਸਰ ਨੀਤੀ ਅਤੇ ਕਾਨੂੰਨ ਵਿੱਚ ਢੁਕਵੇਂ ਢੰਗ ਨਾਲ ਸੰਬੋਧਿਤ ਨਹੀਂ ਕੀਤਾ ਜਾਂਦਾ।

ਔਰਤਾਂ ਵਿਰੁੱਧ ਹਿੰਸਾ ਔਰਤਾਂ ਅਤੇ ਕੁੜੀਆਂ ਵਿਰੁੱਧ ਹਿੰਸਾ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਧ ਵਿਆਪਕ ਉਲੰਘਣਾਵਾਂ ਵਿੱਚੋਂ ਇੱਕ ਹੈ। ਇਹ ਔਰਤਾਂ ਦੀ ਸਰੀਰਕ, ਭਾਵਨਾਤਮਕ ਅਤੇ ਸਮਾਜਿਕ ਭਲਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਲਿੰਗ ਸਮਾਨਤਾ ਪ੍ਰਾਪਤ ਕਰਨ ਵਿੱਚ ਰੁਕਾਵਟਾਂ ਪੈਦਾ ਹੁੰਦੀਆਂ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜੇ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਵਿੱਚ 15.3% ਵਾਧਾ ਦਰਸਾਉਂਦੇ ਹਨ। ਘਰੇਲੂ ਹਿੰਸਾ, ਜਿਨਸੀ ਸ਼ੋਸ਼ਣ, ਤਸਕਰੀ ਅਤੇ ਅਣਖ ਲਈ ਕਤਲ ਔਰਤਾਂ ਦੀ ਆਜ਼ਾਦੀ ਅਤੇ ਮਾਣ-ਸਨਮਾਨ ਨੂੰ ਕਮਜ਼ੋਰ ਕਰਦੇ ਰਹਿੰਦੇ ਹਨ।

ਔਰਤਾਂ ਵਿਰੁੱਧ ਹਿੰਸਾ ਦੀਆਂ ਕਿਸਮਾਂ ਔਰਤਾਂ ਵਿਰੁੱਧ ਹਿੰਸਾ ਕਈ ਰੂਪ ਲੈਂਦੀ ਹੈ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸੀਮਾਵਾਂ ਨੂੰ ਪਾਰ ਕਰਦੀ ਹੈ। ਔਰਤਾਂ ਵਿਰੁੱਧ ਹਿੰਸਾ ਦੀਆਂ ਕੁਝ ਸਭ ਤੋਂ ਪ੍ਰਚਲਿਤ ਕਿਸਮਾਂ ਹਨ:

ਘਰੇਲੂ ਹਿੰਸਾ: ਸਭ ਤੋਂ ਵੱਧ ਫੈਲੇ ਰੂਪਾਂ ਵਿੱਚੋਂ ਇੱਕ, ਘਰੇਲੂ ਹਿੰਸਾ ਵਿੱਚ ਇੱਕ ਨਜ਼ਦੀਕੀ ਸਾਥੀ ਦੁਆਰਾ ਕੀਤਾ ਜਾਣ ਵਾਲਾ ਮੌਖਿਕ, ਗੈਰ-ਮੌਖਿਕ, ਸਰੀਰਕ, ਜਿਨਸੀ, ਭਾਵਨਾਤਮਕ ਅਤੇ ਮਨੋਵਿਗਿਆਨਕ ਸ਼ੋਸ਼ਣ ਸ਼ਾਮਲ ਹੈ। ਕੰਨਿਆ ਭਰੂਣ ਹੱਤਿਆ/ਔਰਤ ਹੱਤਿਆ: ਇਹ ਇੱਕ ਬੱਚੀ ਦੀ ਜਾਣਬੁੱਝ ਕੇ ਹੱਤਿਆ ਨੂੰ ਦਰਸਾਉਂਦਾ ਹੈ, ਜਾਂ ਤਾਂ ਜਨਮ ਤੋਂ ਪਹਿਲਾਂ (ਲਿੰਗ-ਚੋਣਵੇਂ ਗਰਭਪਾਤ ਦੁਆਰਾ) ਜਾਂ ਜਨਮ ਤੋਂ ਬਾਅਦ, ਸਿਰਫ਼ ਇਸ ਲਈ ਕਿਉਂਕਿ ਉਹ ਕੁੜੀ ਹੈ। ਆਨਰ ਕਿਲਿੰਗ: ਆਨਰ ਕਿਲਿੰਗ ਵਿੱਚ ਇੱਕ ਔਰਤ ਦਾ ਉਸਦੇ ਆਪਣੇ ਪਰਿਵਾਰਕ ਮੈਂਬਰਾਂ ਦੁਆਰਾ ਕਤਲ ਸ਼ਾਮਲ ਹੁੰਦਾ ਹੈ, ਜਿਸਨੂੰ ਅਕਸਰ ਪਰਿਵਾਰ ਦੇ ਅਖੌਤੀ ਸਨਮਾਨ ਨੂੰ ਸੁਰੱਖਿਅਤ ਰੱਖਣ ਲਈ ਜਾਇਜ਼ ਠਹਿਰਾਇਆ ਜਾਂਦਾ ਹੈ। ਔਨਲਾਈਨ ਹਿੰਸਾ/ਸਾਈਬਰ ਅਪਰਾਧ: ਡਿਜੀਟਲ ਥਾਵਾਂ ਔਰਤਾਂ ਲਈ ਵੱਧ ਤੋਂ ਵੱਧ ਅਸੁਰੱਖਿਅਤ ਹੁੰਦੀਆਂ ਜਾ ਰਹੀਆਂ ਹਨ। ਇਸ ਸ਼੍ਰੇਣੀ ਵਿੱਚ ਸਾਈਬਰਸਟਾਕਿੰਗ, ਔਨਲਾਈਨ ਪਰੇਸ਼ਾਨੀ, ਮੋਰਫਡ ਜਾਂ ਨਿੱਜੀ ਤਸਵੀਰਾਂ ਦਾ ਪ੍ਰਸਾਰ, ਅਤੇ ਤਕਨਾਲੋਜੀ-ਸਮਰਥਿਤ ਦੁਰਵਿਵਹਾਰ ਦੇ ਹੋਰ ਰੂਪ ਸ਼ਾਮਲ ਹਨ। ਜਿਨਸੀ ਹਿੰਸਾ: ਇਸ ਸ਼੍ਰੇਣੀ ਦੇ ਕਈ ਰੂਪ ਹਨ: ਜਿਨਸੀ ਪਰੇਸ਼ਾਨੀ: ਅਣਚਾਹੇ ਸਰੀਰਕ ਸੰਪਰਕ, ਜਿਨਸੀ ਟਿੱਪਣੀਆਂ, ਪੱਖਪਾਤ ਦੀ ਮੰਗ, ਜਾਂ ਪਿੱਛਾ ਕਰਨਾ। ਬਲਾਤਕਾਰ: ਜਿਨਸੀ ਪ੍ਰਵੇਸ਼ ਦਾ ਇੱਕ ਗੈਰ-ਸਹਿਮਤੀ ਵਾਲਾ ਕੰਮ। ਮਨੁੱਖੀ ਤਸਕਰੀ: ਲੱਖਾਂ ਔਰਤਾਂ ਅਤੇ ਕੁੜੀਆਂ ਤਸਕਰੀ ਦਾ ਸ਼ਿਕਾਰ ਹੁੰਦੀਆਂ ਹਨ, ਅਕਸਰ ਉਨ੍ਹਾਂ ਨੂੰ ਜ਼ਬਰਦਸਤੀ ਮਜ਼ਦੂਰੀ ਜਾਂ ਜਿਨਸੀ ਸ਼ੋਸ਼ਣ ਵਿੱਚ ਧੱਕਿਆ ਜਾਂਦਾ ਹੈ। (ਹੋਰ ਪੜ੍ਹੋ: ਅਨੈਤਿਕ ਤਸਕਰੀ ਰੋਕਥਾਮ ਐਕਟ) ਬਾਲ ਵਿਆਹ: 18 ਸਾਲ ਤੋਂ ਘੱਟ ਉਮਰ ਦੀ ਕੁੜੀ ਦੇ ਵਿਆਹ ਨੂੰ ਬਾਲ ਵਿਆਹ ਮੰਨਿਆ ਜਾਂਦਾ ਹੈ। ਇਹ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦੀ ਉਲੰਘਣਾ ਕਰਦਾ ਹੈ ਅਤੇ ਕੁੜੀਆਂ ਨੂੰ ਸ਼ੋਸ਼ਣ ਅਤੇ ਦੁਰਵਿਵਹਾਰ ਦੇ ਜੀਵਨ ਭਰ ਦੇ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਹਿਲਾ ਸਸ਼ਕਤੀਕਰਨ ਯੋਜਨਾਵਾਂ (ਭਾਰਤ) ਭਾਰਤ ਸਰਕਾਰ ਨੇ ਔਰਤਾਂ ਦੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜੋ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਕੇਂਦ੍ਰਿਤ ਹਨ। ਇੱਥੇ ਕੁਝ ਪ੍ਰਮੁੱਖ ਉਦਾਹਰਣਾਂ ਹਨ:

ਬੇਟੀ ਬਚਾਓ ਬੇਟੀ ਪੜ੍ਹਾਓ: ਇਹ ਯੋਜਨਾ ਘਟਦੇ ਬਾਲ ਲਿੰਗ ਅਨੁਪਾਤ ਨੂੰ ਸੰਬੋਧਿਤ ਕਰਦੀ ਹੈ ਅਤੇ ਇਸਦਾ ਉਦੇਸ਼ ਲੜਕੀਆਂ ਦੀ ਸਿੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨਾ ਹੈ। ਇਹ ਸਮਾਜਿਕ ਮਾਨਸਿਕਤਾ ਨੂੰ ਬਦਲਣ ਅਤੇ ਲੜਕੀਆਂ ਨੂੰ ਸਸ਼ਕਤ ਬਣਾਉਣ ਲਈ ਇੱਕ ਰਾਸ਼ਟਰੀ ਮੁਹਿੰਮ ਹੈ।

ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ : ਇਹ ਇੱਕ ਜਣੇਪਾ ਲਾਭ ਪ੍ਰੋਗਰਾਮ ਹੈ ਜੋ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਉਨ੍ਹਾਂ ਦੇ ਪਹਿਲੇ ਬੱਚੇ ਲਈ ਨਕਦ ਪ੍ਰੋਤਸਾਹਨ ਪ੍ਰਦਾਨ ਕਰਦਾ ਹੈ। ਇਸਦਾ ਉਦੇਸ਼ ਮਾਂ ਅਤੇ ਨਵਜੰਮੇ ਬੱਚੇ ਦੋਵਾਂ ਲਈ ਸਹੀ ਪੋਸ਼ਣ ਅਤੇ ਸਿਹਤ ਨੂੰ ਯਕੀਨੀ ਬਣਾਉਣਾ ਹੈ।

ਵਨ-ਸਟਾਪ ਸੈਂਟਰ ਸਕੀਮ: ਇਹ ਕੇਂਦਰ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਜਨਤਕ ਅਤੇ ਨਿੱਜੀ ਦੋਵਾਂ ਥਾਵਾਂ 'ਤੇ ਏਕੀਕ੍ਰਿਤ ਸਹਾਇਤਾ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਸੇਵਾਵਾਂ ਵਿੱਚ ਡਾਕਟਰੀ ਸਹਾਇਤਾ, ਕਾਨੂੰਨੀ ਸਹਾਇਤਾ, ਅਸਥਾਈ ਆਸਰਾ ਅਤੇ ਮਨੋਵਿਗਿਆਨਕ ਸਲਾਹ ਸ਼ਾਮਲ ਹੈ।

ਮਹਿਲਾ ਸ਼ਕਤੀ ਕੇਂਦਰ (ਐਮਐਸਕੇ) ਯੋਜਨਾ: ਇਸ ਯੋਜਨਾ ਦਾ ਉਦੇਸ਼ ਪੇਂਡੂ ਔਰਤਾਂ ਨੂੰ ਭਾਈਚਾਰਕ ਭਾਗੀਦਾਰੀ ਰਾਹੀਂ ਸਸ਼ਕਤ ਬਣਾਉਣਾ ਹੈ। ਇਹ ਉਨ੍ਹਾਂ ਨੂੰ ਹੁਨਰ ਵਿਕਸਤ ਕਰਨ, ਸਰਕਾਰੀ ਯੋਜਨਾਵਾਂ ਤੱਕ ਪਹੁੰਚ ਕਰਨ ਅਤੇ ਸਥਾਨਕ ਪੱਧਰ 'ਤੇ ਫੈਸਲਾ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦੀ ਹੈ।

ਔਰਤਾਂ ਲਈ ਸਿਖਲਾਈ ਅਤੇ ਰੁਜ਼ਗਾਰ ਪ੍ਰੋਗਰਾਮ () ਨੂੰ ਸਹਾਇਤਾ: ਇਹ ਪ੍ਰੋਗਰਾਮ ਖੇਤੀਬਾੜੀ, ਹੱਥ-ਖੱਡੀਆਂ ਅਤੇ ਦਸਤਕਾਰੀ ਵਰਗੇ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਨੂੰ ਸਿਖਲਾਈ ਅਤੇ ਰੁਜ਼ਗਾਰ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਉਹਨਾਂ ਨੂੰ ਹੁਨਰ ਹਾਸਲ ਕਰਨ ਅਤੇ ਸਵੈ-ਨਿਰਭਰ ਬਣਨ ਵਿੱਚ ਮਦਦ ਕਰਦਾ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ

## ਦਿਮਾਗ ਇਕੱਲਾ ਕੰਮ ਨਹੀਂ ਕਰ ਰਿਹਾ - ਤੁਹਾਡਾ ਸਾਰਾ ਸਰੀਰ ਸਾਰਾ ਸਮਾਂ ਇਸ ਵਿੱਚ ਸ਼ਾਮਿਲ ਰਹਿੰਦਾ ਹੈ

-ਵਿਜੈ ਗਰਗ-

ਤੁਹਾਡਾ ਸਰੀਰ ਅਤੇ ਮਨ ਵੱਖ-ਵੱਖ ਹਸਤੀਆਂ ਨਹੀਂ ਹਨ; ਉਹ ਇੱਕ ਸਿੰਗਲ, ਆਪਸ ਵਿੱਚ ਜੁੜੇ ਹੋਏ ਸਿਸਟਮ ਹਨ, ਜੋ ਲਗਾਤਾਰ ਸੰਚਾਰ ਕਰਦੇ ਹਨ। ਇਹ ਸਿਰਫ਼ ਇੱਕ ਦਾਰਸ਼ਨਿਕ ਸੰਕਲਪ ਨਹੀਂ ਹੈ - ਇਹ ਦਹਾਕਿਆਂ ਦੀ ਵਿਗਿਆਨਕ ਖੋਜ ਦੁਆਰਾ ਸਮਰਥਤ ਹੈ। ਤੁਹਾਡੇ ਦੁਆਰਾ ਅਨੁਭਵ ਕੀਤਾ ਗਿਆ ਹਰ ਵਿਚਾਰ, ਭਾਵਨਾ ਅਤੇ ਤਣਾਅ ਇੱਕ ਸਰੀਰਕ ਪ੍ਰਤੀਕ੍ਰਿਆ ਨੂੰ ਚਾਲੂ ਕਰਦਾ ਹੈ, ਅਤੇ ਬਦਲੇ ਵਿੱਚ, ਤੁਹਾਡੀ ਸਰੀਰਕ ਸਥਿਤੀ ਤੁਹਾਡੀ ਮਾਨਸਿਕ ਸਥਿਤੀ ਨੂੰ ਪ੍ਰਭਾਵਤ ਕਰਦੀ ਹੈ। ਸੰਚਾਰ ਕਿਵੇਂ ਕੰਮ ਕਰਦਾ ਹੈ ਇਹ ਨਿਰੰਤਰ, ਦੋ-ਪੱਖੀ ਸੰਵਾਦ ਪ੍ਰਣਾਲੀਆਂ ਦੇ ਇੱਕ ਗੁੰਝਲਦਾਰ ਨੈਟਵਰਕ ਰਾਹੀਂ ਹੁੰਦਾ ਹੈ, ਮੁੱਖ ਤੌਰ 'ਤੇ ਨਰਵਸ, ਐਂਡੋਕਰੀਨ (ਹਾਰਮੋਨਲ), ਅਤੇ ਇਮਿਊਨ ਸਿਸਟਮ।

ਦਿਮਾਗੀ ਪ੍ਰਣਾਲੀ: ਆਪਣੇ ਦਿਮਾਗੀ ਪ੍ਰਣਾਲੀ ਨੂੰ ਇੱਕ ਤੇਜ਼-ਰਫ਼ਤਾਰ ਹਾਈਵੇਅ ਸਮਝੋ। ਦਿਮਾਗ, ਕਮਾਂਡ ਸੈਂਟਰ ਵਜੋਂ ਕੰਮ ਕਰਦਾ ਹੈ, ਰੀੜ੍ਹ ਦੀ ਹੱਡੀ ਅਤੇ ਨਸਾਂ ਦੇ ਇੱਕ ਵਿਸ਼ਾਲ ਨੈਟਵਰਕ ਰਾਹੀਂ ਤੁਹਾਡੇ ਸਰੀਰ ਦੇ ਹਰ ਕਾਰਜ ਨੂੰ ਨਿਯੰਤਰਿਤ ਕਰਨ ਲਈ ਬਿਜਲੀ ਦੇ ਸੰਕੇਤ ਭੇਜਦਾ ਹੈ - ਸਾਹ ਲੈਣ ਅਤੇ ਪਾਚਨ ਤੋਂ ਲੈ ਕੇ ਗਤੀ ਅਤੇ ਦਰਦ ਦੀ ਭਾਵਨਾ ਤੱਕ। ਬਦਲੇ ਵਿੱਚ, ਸੰਵੇਦੀ ਨਸਾਂ ਤੁਹਾਡੇ ਸਰੀਰ ਤੋਂ ਦਿਮਾਗ ਨੂੰ ਜਾਣਕਾਰੀ ਵਾਪਸ ਭੇਜਦੀਆਂ ਹਨ, ਜੋ ਇਸਨੂੰ ਕੀ ਹੋ ਰਿਹਾ ਹੈ ਬਾਰੇ ਅਸਲ-ਸਮੇਂ ਦੇ ਅਪਡੇਟਸ ਦਿੰਦੀਆਂ ਹਨ।

ਐਂਡੋਕਰੀਨ ਸਿਸਟਮ: ਇਹ ਸਿਸਟਮ ਹਾਰਮੋਨਸ ਨੂੰ ਆਪਣੇ ਸੰਦੇਸ਼ਵਾਹਕਾਂ ਵਜੋਂ ਵਰਤਦਾ ਹੈ। ਉਦਾਹਰਣ ਵਜੋਂ, ਜਦੋਂ ਤੁਸੀਂ ਤਣਾਅ ਮਹਿਸੂਸ ਕਰਦੇ ਹੋ, ਤਾਂ ਤੁਹਾਡਾ ਦਿਮਾਗ "ਲੜਾਈ-ਜਾਂ-ਉਡਾਣ" ਪ੍ਰਤੀਕਿਰਿਆ ਨੂੰ ਸਰਗਰਮ ਕਰਦਾ ਹੈ, ਕੋਰਟੀਸੋਲ



ਅਤੇ ਐਡਰੇਨਾਲੀਨ ਵਰਗੇ ਹਾਰ-ਮੋਨ ਛੱਡਦਾ ਹੈ। ਇਹ ਹਾਰਮੋਨ ਤੁਹਾਡੇ ਸਰੀਰ ਵਿੱਚ ਫੈਲਦੇ ਹਨ, ਜਿਸ ਨਾਲ ਤੁਹਾਡੇ ਦਿਲ ਦੀ ਧੜਕਣ ਵਧ ਜਾਂਦੀ ਹੈ, ਤੁਹਾਡੀਆਂ ਮਾਸਪੇਸ਼ੀਆਂ ਤਣਾਅ ਵਿੱਚ ਆ ਜਾਂਦੀਆਂ ਹਨ, ਅਤੇ ਤੁਹਾਡਾ ਸਾਹ ਤੇਜ਼ ਹੋ ਜਾਂਦਾ ਹੈ। ਇਹ ਸਿਰਫ਼ ਇੱਕ ਮਾਨਸਿਕ ਭਾਵਨਾ ਨਹੀਂ ਹੈ - ਇਹ ਇੱਕ ਬਹੁਤ ਹੀ ਅਸਲੀ ਸਰੀਰਕ ਘਟਨਾ ਹੈ।

ਇਮਿਊਨ ਸਿਸਟਮ: ਤੁਹਾਡਾ ਮਨ ਅਤੇ ਇਮਿਊਨ ਸਿਸਟਮ ਲਗਾਤਾਰ ਸੰਚਾਰ ਵਿੱਚ ਰਹਿੰਦੇ ਹਨ। ਤਣਾਅ ਅਤੇ ਨਕਾਰਾਤਮਕ ਭਾਵਨਾਵਾਂ ਕਮਜ਼ੋਰ ਇਮਿਊਨ ਪ੍ਰਤੀਕਿਰਿਆ ਦਾ ਕਾਰਨ ਬਣ ਸਕਦੀਆਂ ਹਨ, ਜਿਸ ਨਾਲ ਤੁਸੀਂ ਬਿਮਾਰੀ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋ ਸਕਦੇ ਹੋ। ਇਸਦੇ ਉਲਟ, ਸਕਾਰਾਤਮਕ ਮਾਨਸਿਕ ਸਥਿਤੀਆਂ ਅਤੇ ਮਜ਼ਬੂਤ ਸਮਾਜਿਕ ਸੰਪਰਕ ਇਮਿਊਨ ਫੰਕਸ਼ਨ ਨੂੰ ਵਧਾਉਣ ਲਈ ਦਿਖਾਇਆ ਗਿਆ ਹੈ। ਮਨ-ਸਰੀਰ ਦੇ ਸੰਬੰਧ ਦਾ ਪ੍ਰਭਾਵ ਇਸ ਨਿਰੰਤਰ ਆਪਸੀ ਤਾਲਮੇਲ ਦਾ ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਦੋਵਾਂ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ।

ਮਾਨਸਿਕ ਸਥਿਤੀਆਂ ਤੋਂ ਸਰੀਰਕ ਲੱਛਣ: ਮਨ-ਸਰੀਰ ਦਾ ਸਬੰਧ ਬਹੁਤ ਹੀ ਠੋਸ ਤਰੀਕਿਆਂ ਨਾਲ ਪ੍ਰਗਟ ਹੋ ਸਕਦਾ ਹੈ। ਲੰਬੇ ਸਮੇਂ ਤੋਂ ਤਣਾਅ, ਚਿੰਤਾ, ਜਾਂ ਡਿਪਰੈਸ਼ਨ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਵਿੱਚ ਯੋਗਦਾਨ ਪਾ ਸਕਦਾ ਹੈ, ਜਿਸ ਵਿੱਚ ਸਿਰ ਦਰਦ, ਪਾਚਨ ਸਮੱਸਿਆਵਾਂ, ਹਾਈ ਬਲੱਡ ਪ੍ਰੈਸ਼ਰ ਅਤੇ ਮਾਸਪੇਸ਼ੀਆਂ ਵਿੱਚ ਤਣਾਅ ਸ਼ਾਮਲ ਹੈ।

ਸਰੀਰਕ ਕਿਰਿਆਵਾਂ ਤੋਂ ਮਾਨਸਿਕ ਸਥਿਤੀਆਂ: ਇਹ ਸਬੰਧ ਦੂਜੀ ਦਿਸ਼ਾ ਵਿੱਚ ਵੀ ਕੰਮ ਕਰਦਾ ਹੈ। ਸਰੀਰਕ ਗਤੀਵਿਧੀ ਸਿਰਫ਼ ਤੁਹਾਡੀਆਂ ਮਾਸਪੇਸ਼ੀਆਂ ਅਤੇ ਦਿਲ ਲਈ ਹੀ ਚੰਗੀ ਨਹੀਂ ਹੈ - ਇਹ ਤੁਹਾਡੇ ਦਿਮਾਗ ਲਈ ਇੱਕ ਸ਼ਕਤੀਸ਼ਾਲੀ ਸੰਦ ਹੈ। ਕਸਰਤ ਐਂਡੋਰਫਿਨ ਛੱਡਦੀ ਹੈ, ਜੋ ਤੁਹਾਡੇ ਮੂਡ ਨੂੰ ਸੁਧਾਰ ਸਕਦੀ ਹੈ ਅਤੇ ਤਣਾਅ ਨੂੰ ਘਟਾ ਸਕਦੀ ਹੈ। ਇਸੇ ਤਰ੍ਹਾਂ, ਯੋਗਾ, ਧਿਆਨ ਅਤੇ ਡੂੰਘੇ ਸਾਹ ਲੈਣ ਵਰਗੇ ਅਭਿਆਸ ਤੁਹਾਡੇ ਦਿਮਾਗੀ ਪ੍ਰਣਾਲੀ ਨੂੰ ਸ਼ਾਂਤ ਕਰਨ ਅਤੇ ਤੰਦਰੁਸਤੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦੇ ਹਨ। ਇਸ ਡੂੰਘੇ ਸਬੰਧ ਨੂੰ ਸਮਝਣਾ ਸਿਹਤ ਪ੍ਰਤੀ ਵਧੇਰੇ ਸੰਪੂਰਨ ਪਹੁੰਚ ਅਪਣਾਉਣ ਦੀ ਕੁੰਜੀ ਹੈ। ਤੁਹਾਡਾ ਸਰੀਰ ਸਿਰਫ਼ ਤੁਹਾਡੇ ਦਿਮਾਗ ਲਈ ਇੱਕ ਵਾਹਨ ਨਹੀਂ ਹੈ; ਇਹ ਇੱਕ ਸਹਿ-ਪਾਇਲਟ ਹੈ, ਅਤੇ ਇਸਦੀ ਤੰਦਰੁਸਤੀ ਇੱਕ ਸਿਹਤਮੰਦ ਮਨ ਲਈ ਜ਼ਰੂਰੀ ਹੈ।


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
NEW Listing in *BRAMPTON*
James Potter/Queen/Bonnie Brae
Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ, 6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀੱਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.
NEW Listing in *BRAMPTON*
Creditview Rd & Queen St
Approx. 2000 sq.ft. ਟਾਊਨ-ਹਾਊਸ, 4 ਬੈਡਰੂਮ, 3 ਵਾਸ਼ਰੂਮ, 2 ਕਾਰ ਪਾਰਕਿੰਗ। No ਕਾਰਪੇਟ। Eat-in ਕੀੱਚਨ with Granite ਕਾਊਂਟਰਟੋਪ with S/S Appliances. ਮਾਸਟਰ ਬੈਡਰੂਮ with Walk-in ਕਲੋਜਿਟ। Spacious Living Rm & Bed Rms, Laundary on 2nd ਫਲੋਰ। Close to Hwy 407 & 401.
FOR RENT in *BRAMPTON*
Castlemore/The Gore Rd/Cottrelle
2000 sq.ft. ਸੈਮੀ-ਡਿਟੈਚਡ ਹਾਊਸ 4 ਬੈਡਰੂਮ + 3 ਵਾਸ਼ਰੂਮ, Hardwood Floor, ਮਾਸਟਰ ਬੈਡਰੂਮ with 4-ਪੀਸ ਇਨਸੂਇਟ, Walk-in ਕਲੋਜਿਟ। Oak staircase, No ਕਾਰਪੇਟ। Eat-in ਕੀੱਚਨ with S/S appliances. 3 ਕਾਰ ਪਾਰਕਿੰਗ। Close to Asian Food Plaza, buses, hwy's & more.
FOR RENT in *BRAMPTON*
Castlemore/Humberwest/Airport
1600sq.ft. ਸੈਮੀ-ਡਿਟੈਚਡ ਹਾਊਸ, 3 ਬੈਡਰੂਮ + 3 ਵਾਸ਼ਰੂਮ, 3 ਕਾਰ ਪਾਰਕਿੰਗ, Hardwood Floor, Oak staircase, No ਕਾਰਪੇਟ। Eat-in ਕੀੱਚਨ with S/S appliances. Laundary on 2nd ਫਲੋਰ। Close to Buses, Plaza, School & Amenties.
NEW Listing in *MISSISSAUGA*
Hurontario St/Eglington Ave/Nahani Way
700-799 sq.ft. ਅਪਾਰਟਮੈਂਟ, 2 ਬੈਡਰੂਮ +2 ਵਾਸ਼ਰੂਮ, 9ft. ceiling, Modern ਕੀੱਚਨ, New ਲੈਮੀਨੇਟ ਫਲੋ, 1 Underground ਪਾਰਕਿੰਗ, ਸਾਰੀਆਂ ਸਹੂਲਤਾਂ ਦੇ ਕੋਲ। Close to Hwy 401 & 403. Close to Square One Mall, Hospital, Plazas, Restaurants, Public Transits, Schools & more.
NEW Listing in *MISSISSAUGA*
Ridgeway Dr./The Collegeway
1200-1399 sq.ft. ਟਾਊਨ-ਹਾਊਸ, 2 ਬੈਡਰੂਮ + 3 ਵਾਸ਼ਰੂਮ, 1 Underground ਪਾਰਕਿੰਗ + Huge Rooftop Patio, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੋਜਿਟ, Eat-in ਕੀੱਚਨ with Quartz ਕਾਊਂਟਰਟੋਪ। Stainless Steel Appl. Close to Major Hwy 403, 407,401 & QEW.
FOR RENT in *TORONTO*
Dundas St./Church St.
665sq.ft. Brand-New ਅਪਾਰਟਮੈਂਟ, 2 ਬੈਡਰੂਮ + 2 ਵਾਸ਼ਰੂਮ (Spa inspired), Modern ਕੀੱਚਨ, *Unbeatable location* Steps to Yonge-Dundas Square, Eaton Centre, and Toronto Metropolitan University, Bus stop at door step.
FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT


The Mortgage Centre
We work for you, not the lenders.
Second Mortgage
Debt Consolidation
Renovations & Repairs
Avoiding High penalities
if you are looking for independent mortgage or protection advice....
We're here to help.
* Competitive rates
* Flexible terms
* Fast approval process
No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....
For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5
Rexdale Financial Services


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017